# ਸਮਤਾ

ਅਗਸਤ 1982 (ਅੰਕ 27)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਸਮਤਾ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਅਗਸਤ 1982

ਮੂਲ — ਦੋ ਰੁਪਿਆ

27

ਸੰਪਾਦਕੀ

# ਖੱਬੀ ਏਕਤਾ ਦੀ ਹਕੀਕਤ

ਸਮਤਾ ਵਿਚ ਦਿਤੇ ਸੰਪਾਦਕੀ ਨੋਟਾਂ ਬਾਰੇ ਸਾਥੀ ਦਲਜੀਤ ਨੇ ਕੋਟਕਪੂਰਾ ਤੋਂ ਅਤੇ ਸਾਥੀ ਕੁਲਵੰਤ ਸਿੰਘ ਨੇ ਸਮਰਾਲਾ ਤੋਂ ਚਿਠੀਆਂ ਭੇਜੀਆਂ ਹਨ, ਇਹਨਾਂ ਵਿਚ ਕੁਝ ਬੁਨਿਆਦੀ ਨੁਕਤੇ ਉਠਾਏ ਗਏ ਹਨ। ਇਹ ਦੋਨੋਂ ਚਿਠੀਆਂ ਮੌਲਿਕ ਰੂਪ ਵਿਚ ਇਥੇ ਦਿਤੀਆਂ ਜਾ ਰਹੀਆਂ ਹਨ, ਤਾਂ ਜੋ ਇਸ ਸਵਾਲ ਬਾਰੇ ਪੂਰੀ ਬਹਿਸ ਹੋ ਸਕੇ।

## 1. ਖੱਬੀ ਏਕਤਾ ਬਾਰੇ ਸਮਤਾ ਦੀਆਂ ਫੋਕੀਆਂ ਗੜਗੂੰਜਾਂ ਅਤੇ ਕਮਿਊਨਿਸਟ ਏਕਤਾ ਦਾ ਹਕੀਕੀ ਆਧਾਰ

ਸਮਤਾ ਦੇ ਜੁਲਾਈ ਅੰਕ ਵਿਚ ਸੰਪਾਦਕ ਸਮਤਾ ਗੁਰਸ਼ਰਨ ਸਿੰਘ ਵਲੋਂ ਇਨਕਲਾਬੀ ਏਕਤਾ ਦੇ ਸਵਾਲ ਨੂੰ ਬੜੇ ਹਲਕੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਜਦਕਿ ਇਨਕਲਾਬੀ ਏਕਤਾ ਦਾ ਮਸਲਾ ਗੰਭੀਰਤਾ ਤੇ ਏਕਤਾ ਦੇ ਨਿੱਗਰ ਆਧਾਰ ਦੀ ਮੰਗ ਕਰਦਾ ਹੈ। ਸੰਪਾਦਕ ਨੇ ਇਸ ਗੱਲ ਵੱਲ ਰੱਤਾ ਵੀ ਧਿਆਨ ਨਹੀਂ ਦਿੱਤਾ ਕਿ ਕਮਿਊਨਿਸਟ ਲਹਿਰ ਵਿਚ ਫੁੱਟ ਪੈਣ ਦੇ ਕਾਰਨ ਕੀ ਹਨ ? ਕੌਮਾਂਤਰੀ ਕਮਿਊਨਿਸਟ ਲਹਿਰ ਤੇ ਉਸਦੇ ਅੰਗ ਵਜੋਂ ਸਾਡੇ ਦੇਸ਼ ਦੀ ਕਮਿ: ਲਹਿਰ ਫੁੱਟ ਦਾ ਸ਼ਿਕਾਰ ਹੋ ਕੇ ਭਾਂਤ ਭਾਂਤ ਦੇ ਗੁੱਟਾਂ ਵਿਚ ਕਿਉਂ ਵਟ ਗਈ ? ਸੰਪਾਦਕ ਨੇ ਸਗੋਂ ਏਕਤਾ ਦੀ ਗੰਭੀਰ ਸਮੱਸਿਆ ਦਾ ਹਲਕਾ ਤੇ ਗਲਤ ਹੱਲ ਪੇਸ਼ ਕੀਤਾ ਹੈ; ਜਿਵੇਂ ਸੀ.ਪੀ.ਆਈ., ਸੀ.ਪੀ.ਐਮ. ਤੇ ਨਕਸਲਬਾੜੀ ਨਾਲ ਸੰਬੰਧਤ ਗਰੁੱਪਾਂ ਨੂੰ ਵਿਚਾਰਧਾਰਕ, ਸਿਆਸੀ ਮਤਭੇਦ ਭੁਲਾ ਕੇ ਏਕਤਾ ਕਰ ਲੈਣੀ ਚਾਹੀਦੀ ਹੈ, ਦੂਜਾ ਉਨ੍ਹਾਂ ਨੂੰ ਇਕ ਦੂਜੇ ਵਿਰੁੱਧ ਸੋਧਵਾਦੀ ਗਦਾਰਾਂ, ਮੌਕਾ-ਪ੍ਰਸਤਾਂ ਆਦਿ ਦੇ ਫਤਵੇ ਨਹੀਂ ਦੇਣੇ ਚਾਹੀਦੇ, ਤੀਜਾ ਨਕਸਲਬਾੜੀ ਗਰੁੱਪਾਂ ਦੀ ਲੀਡਰਸ਼ਿਪ ਵੱਲੋਂ ਸੀ.ਪੀ.ਆਈ. ਤੇ ਸੀ.ਪੀ.ਐਮ. ਪਾਰਟੀਆਂ ਨੂੰ ਪਿਛਾਖੜੀ ਹੁਕਮਰਾਨ ਪਾਰਟੀਆਂ ਦੇ ਬਰਾਬਰ ਤੁਲਨਾ ਨਹੀਂ ਦੇਣੀ ਚਾਹੀਦੀ। ਸੰਪਾਦਕ ਉਪਰੋਕਤ ਗੱਲਾਂ ਨੂੰ ਹੀ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਫੁੱਟ ਦੇ ਕਾਰਨ ਮੰਨਦਾ ਆ ਰਿਹਾ ਹੈ। ਅਤੇ ਇਨ੍ਹਾਂ ਨੂੰ ਦੂਰ ਕਰਨ ਨਾਲ 'ਖੱਬੀ ਏਕਤਾ' ਹੋ ਜਾਣ ਦੀਆਂ ਫੋਕੀਆਂ ਗੜਗੂੰਜਾਂ ਪਾਉਂਦਾ ਹੈ। ਇਸਦੇ ਨਾਲ ਹੀ ਸੰਪਾਦਕ ਖੱਬੀ ਏਕਤਾ ਦੇ ਵਹਿਣ 'ਚ ਵਹਿੰਦਾ ਹੋਇਆ ਮੇਹਨਤਕਸ਼ ਲੋਕਾਂ ਦੀ ਨੀਵੀਂ ਸੂਝ ਪੱਧਰ ਦਾ ਫਾਇਦਾ ਉਠਾਉਣ ਲਈ ਮਸ਼ਵਰਾ ਪੇਸ਼ ਕਰਦਾ ਹੈ ਕਿ ਲੋਕਾਂ ਨੂੰ ਤਿੰਨ ਦੁਨੀਆਂ ਦੇ ਸਿਧਾਂਤ ਅਤੇ ਕੌਮਾਂਤਰੀ ਇਨਕਲਾਬ ਬਾਰੇ ਕੀ ਪਤਾ ਹੈ ? ਸੋ ਤਿੰਨ ਦੁਨੀਆਂਵਾਦੀ ਬਲਦੇਵ ਮਾਨ ਤੇ ਮੱਘਰ ਸਿੰਘ ਵਰਗਿਆਂ ਨੂੰ ਇਕੱਠਾ ਹੋ ਜਾਣਾ ਚਾਹੀਦਾ ਹੈ। ਪਰੰਤੂ ਜੇਕਰ ਸੰਪਾਦਕ ਜੀ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦੀ ਬਜਾਏ ਆਪੋ ਆਪਣੇ ਸਿਆਸੀ ਮੁਫਾਦ ਨੂੰ ਪ੍ਰਮੁਖਤਾ ਦੀ ਥਾਂ ਬੁਨਿਆਦੀ ਜਨਤਕ ਮਸਲਿਆਂ ਨੂੰ ਪ੍ਰਮੁਖਤਾ ਦੇ ਕੇ ਵੱਖੋ ਵੱਖ ਜਨਤਕ ਜਥੇਬੰਦੀਆਂ ਇਕੋ ਨਾਂ ਹੇਠ ਉਸਾਰਨ ਦੀ ਬਜਾਏ ਇਕ ਜਥੇਬੰਦੀ ਕਾਇਮ ਕਰਨ ਜਾਂ ਘੱਟੋ ਘੱਟ ਅਜਿਹੇ ਜਨਤਕ ਮਸਲਿਆਂ ਬਾਰੇ ਸਾਂਝੀ ਸਰਗਰਮੀ ਕਰਨ ਦੀ ਗੱਲ ਕਰਦੇ ਤਾਂ ਇਹ ਉਨ੍ਹਾਂ ਵੱਲੋਂ ਪੁਟਿਆ ਸ਼ਲਾਘਾਯੋਗ ਕਦਮ ਹੁੰਦਾ।

ਇਸ ਅੰਕ ਵਿਚ :

ਕਵਿਤਾਵਾਂ : ਦਰਸ਼ਨ ਦਰਵੇਸ਼, ਹਮਦਰਦਵੀਰ ਨੌਸ਼ਹਿਰਵੀ, ਪ੍ਰੀਤਮ ਬੇਲੀ, ਨਵਕਿਰਨ।

ਕਹਾਣੀਆਂ : ਹਿੰਦੀ ਕਹਾਣੀ, ਲਾਲ ਸਿੰਘ ਤੇ ਸਾਧੂ ਸਿੰਘ (ਕੈਨੇਡਾ)

ਪਾਠਕ ਲੇਖਕ ਫੋਰਮ : ਭਾਰਦਵਾਜ, ਹਰੀਸ਼ ਮਲਹੋਤਰਾ, ਗੁਰਬਖਸ਼ ਜਸ ਅਤੇ ਲਕਛਮੀ ਨਾਰਾਇਨ,

ਕੁਲਵੰਤ ਸਿੰਘ ਬਾਰੇ ਜਮਹੂਰੀ ਅਧਿਕਾਰ ਸਭਾ ਦੀ ਜਾਂਚ ਰਿਪੋਰਟ।

ਪਰ ਸੰਪਾਦਕ ਵਲੋਂ ਜੋ "ਖੱਬੀ ਏਕਤਾ ਬਾਰੇ ਇਕ ਵਾਰ ਫੇਰ" ਦਾ ਗੂੰਜਵਾਂ ਹੋਕਾ ਦਿੱਤਾ ਗਿਆ ਹੈ ਨਾਲ ਨੇਕ ਇਰਾਦੇ ਰੱਖਦੇ ਹੋਏ ਵੀ ਇਉਂ ਕਰਕੇ ਉਹ ਮੌਕਾਪ੍ਰਸਤੀ ਦੀ ਦਲਦਲ ਵਲ ਸੇਤ ਸਿਧ ਵਧ ਰਹੇ ਹਨ। ਸੋ ਮੈਂ ਅਜੇਹੇ "ਖੱਬੀ ਏਕਤਾ" ਦੇ ਗਲਤ ਰੁਝਾਨ ਦਾ ਖੰਡਨ ਕਰਕੇ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦੇ ਹਕੀਕੀ ਆਧਾਰ ਬਾਰੇ ਸੰਖੇਪ 'ਚ ਦੱਸਣ ਦਾ ਯਤਨ ਕਰਾਂਗਾ।

ਸਮਤਾ ਦੀ ਸੰਪਾਦਕੀ ਪੜ੍ਹਕੇ ਸਭ ਤੋਂ ਪਹਿਲਾ ਸਵਾਲ ਉਠਦਾ ਹੈ ਕਿ ਕੀ ਸੋਧਵਾਦੀ ਤੇ ਮੌਕਾਪ੍ਰਸਤਾਂ ਨਾਲ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਹੋ ਸਕਦੀ ਹੈ ਤੇ ਕੀ ਉਹ ਇਕੋ ਪਾਰਟੀ ਵਿਚ ਰਹਿਕੇ ਕੰਮ ਕਰ ਸਕਦੇ ਹਨ ? ਸੰਪਾਦਕ ਇਸ ਦਾ ਜਵਾਬ ਹਾਂ ਵਿਚ ਦਿੰਦਾ ਹੋਇਆ "ਖੱਬੀ ਏਕਤਾ ਬਾਰੇ ਇਕ ਵਾਰੀ ਫੇਰ" ਗੜਕਦਾ ਹੋਇਆ ਦਲੀਲ ਪੇਸ਼ ਕਰਦਾ ਹੈ :

"ਜਦੋਂ ਕਮਿਊਨਿਜ਼ਮ ਦੇ ਨਾਂ ਨਾਲ ਜੁੜੀਆਂ ਹੋਈਆਂ ਪਾਰਟੀਆਂ ਇਕ ਦੂਜੇ ਵਿਰੁਧ ਬੰਬਾਰੀ ਕਰਦੀਆਂ ਹਨ। ਲੋਕ ਭੰਬਲਭੂਸਿਆਂ ਵਿਚ ਪੈਂਦੇ ਹਨ। ਫ਼ਾਇਦਾ ਕਿਸਦਾ ਹੈ ?" (ਸਮਤਾ ਸਫ਼ਾ 2)

ਸੰਪਾਦਕ ਦਾ ਮਤਲਬ ਹੈ ਕਿ ਜੋ ਵੀ ਪਾਰਟੀਆਂ ਅੰਤਮ ਉਦੇਸ਼ ਕਮਿਊਨਿਜ਼ਮ ਦਾ ਬੈਨਰ ਉਠਾਉਂਦੀਆਂ ਹਨ ਉਨ੍ਹਾਂ ਦੇ ਗਲਤ ਜਾਂ ਠੀਕ ਹੋਣ ਬਾਰੇ ਕੀਤੀ ਜਾਂਦੀ ਵਿਚਾਰਧਾਰਕ ਤੇ ਅਮਲੀ ਜਦੋ ਜਹਿਦ ਬੰਬਾਰੀ ਹੈ ਤੇ ਲੋਕਾਂ ਨੂੰ ਭੰਬਲ ਭੂਸਿਆਂ 'ਚ ਪਾਉਣਾ ਹੈ ਇਸ ਦਾ ਵਧ ਤੋਂ ਵਧ ਨੁਕਸਾਨ ਹੀ ਹੈ। ਸੋ ਸਾਡੇ ਦੇਸ਼ ਅੰਦਰ ਸੀ. ਪੀ. ਆਈ., ਸੀ. ਪੀ. ਐਮ. ਤੇ ਨਕਸਲਬਾੜੀ ਗਰੁੱਪਾਂ ਨੇ ਕਮਿਊਨਿਜ਼ਮ ਦਾ ਬੈਨਰ ਉਠਾ ਰੱਖਿਆ ਹੈ ਉਨ੍ਹਾਂ ਦੀ ਇਕ ਦੂਜੇ ਵਿਰੁਧ ਕੀਤੀ ਜਾਂਦੀ ਬੰਬਾਰੀ ਸੰਪਾਦਕ ਦੀ ਸ਼ਾਂਤੀ ਭੰਗ ਕਰਦੀ ਹੋਈ ਲੋਕਾਂ ਨੂੰ ਭੰਬਲ ਭੂਸਿਆਂ 'ਚ ਪਾ ਰਹੀ ਹੈ। ਅੱਜ ਤੋਂ ਨਹੀਂ ਸਗੋਂ 15 ਸਾਲਾਂ ਤੋਂ ਇਹ ਵਰਤਾਰਾ ਚਲ ਰਿਹਾ ਹੈ। ਪਰ ਸੰਪਾਦਕ ਜੀਓ ਤੁਹਾਡੀ ਇਸ ਦਲੀਲ ਨੂੰ ਕੌਮਾਂਤਰੀ ਕਮਿਊਨਿਸਟ ਲਹਿਰ ਦਾ ਇਨਕਲਾਬੀ ਤਜਰਬਾ ਬੁਰੀ ਤਰ੍ਹਾਂ ਰੱਦ ਕਰਦਾ ਹੈ। ਇਸ ਤਰ੍ਹਾਂ ਕਮਿਊਨਿਸਟਾਂ ਦੀ ਮੁਢਲੀ ਕ੍ਰਿਤ "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" ਵਿਚ ਹੀ ਮਾਰਕਸ ਐਂਗਲਜ਼ ਨੇ "ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ" ਦਾ ਨਾਹਰਾ ਬੁਲੰਦ ਕਰਕੇ ਉਸ ਸਮੇਂ ਦੀਆਂ ਮੌਕਾਪ੍ਰਸਤ ਪਾਰਟੀਆਂ ਦੇ ਦੰਭ ਨੂੰ, ਵਿਚਾਰਧਾਰਕ ਸਿਆਸੀ ਜਦੋ ਜਹਿਦ ਰਾਹੀਂ ਬੁਰੀ ਤਰ੍ਹਾਂ ਨੰਗਾ ਕੀਤਾ ਜਿੰਨਾਂ ਨੇ ਸਮਾਜਵਾਦ ਜਾਂ ਕਮਿਊਨਿਜ਼ਮ ਦਾ ਬੁਰਕਾ ਪਹਿਨ ਰੱਖਿਆ ਸੀ। ਉਨ੍ਹਾਂ ਨੇ "ਜਗੀਰੂ ਸਮਾਜਵਾਦ" ਪੈਟੀ-ਬੁਰਜੁਆ ਸਮਾਜਵਾਦ, ਜਰਮਨ ਦਾ ਸੱਚਾ ਸਮਾਜਵਾਦ, ਸਰਮਾਏਦਾਰੀ ਸਮਾਜਵਾਦ ਤੇ ਕਲਪਨਿਕ ਸਮਾਜਵਾਦ ਵਿਰੁਧ ਬੇਕਿਰਕ ਘੋਲ ਕੀਤਾ ਤੇ ਕਮਿਊਨਿਸਟਾਂ ਦੀ ਹਕੀਕੀ ਏਕਤਾ ਦਾ ਰਸਤਾ ਖੋਜਿਆ। ਕੀ ਉਨ੍ਹਾਂ ਵੱਲੋਂ ਮੌਕਾਪ੍ਰਸਤੀ ਵਿਰੁੱਧ ਘੋਲ ਕਰਨਾ ਇਕ ਦੂਜੇ ਵਿਰੁਧ ਬੰਬਾਰੀ ਕਰਨਾ ਸੀ ? ਕੀ ਉਨ੍ਹਾਂ ਵੱਲੋਂ ਕੀਤੀ ਗਈ ਵਿਚਾਰਧਾਰਕ ਸਿਆਸੀ ਜਦੋ ਜਹਿਦ ਨੇ ਲੋਕਾਂ ਨੂੰ ਭੰਬਲ ਭੂਸਿਆਂ 'ਚ ਪਾਇਆ ? ਕੀ ਕਮਿਊਨਿਸਟ ਮੈਨੀਫੈਸਟੋ ਕਮਿਊਨਿਸਟਾਂ ਦੀ ਹਕੀਕੀ ਏਕਤਾ ਦਾ ਨਮੂਨਾ ਹੈ ਜਾਂ ਇਸ ਕ੍ਰਿਤ ਵਿਚ ਮੌਕਾਪ੍ਰਸਤੀ ਵਿਰੁਧ ਕੀਤੀ ਗਈ ਜਦੋ-ਜਹਿਦ ਲੋਕਾਂ ਨੂੰ ਭੰਬਲ ਭੂਸਿਆਂ ਵਿਚ ਪਾਉਂਦੀ ਹੈ ? ਇਸ ਤਰ੍ਹਾਂ ਰੂਸ ਅੰਦਰਲੀ ਕਮਿਊਨਿਸਟ ਲਹਿਰ ਦਾ ਇਤਿਹਾਸ ਦਰਸਾਉਂਦਾ ਹੈ ਕਿ ਲੈਨਨ ਨੇ, ਮੈਨਸ਼ਵਿਕ ਗਰੁੱਪਾਂ, ਆਰਥਕਵਾਦੀ ਗਰੁੱਪਾਂ, ਟਰਾਟਸਕੀਵਾਦੀ ਗਰੁੱਪ ਤੇ ਪਲੈਖਾਨੋਵ ਗਰੁੱਪ—ਜੋ ਆਪਣੇ ਆਪ ਨੂੰ ਉਸ ਵਕਤ ਖਰੇ ਕਮਿਊਨਿਸਟ ਕਹਾਉਣ ਦੇ ਦਾਅਵੇਦਾਰ ਬਣਦੇ ਸਨ—ਵਿਰੁਧ ਵਿਚਾਰਧਾਰਕ, ਸਿਆਸੀ ਤੇ ਜਥੇਬੰਦਕ ਜਦੋ ਜਹਿਦ ਨੂੰ ਉਨ੍ਹਾਂ ਵਿਰੁਧ ਦ੍ਰਿੜਤਾ ਨਾਲ ਚਲਾਇਆ। ਕੀ ਇਹ ਬੰਬਾਰੀ ਸੀ ਤੇ ਲੈਨਨ ਵੱਲੋਂ ਲੋਕਾਂ ਨੂੰ ਭੰਬਲ ਭੂਸਿਆ 'ਚ ਪਾਇਆ ਗਿਆ ਸੀ ? ਸੰਪਾਦਕ ਇਸ ਗਲ ਦਾ ਜਵਾਬ ਦੇਵੇ।

ਇਸਦੇ ਨਾਲ ਹੀ ਸੰਪਾਦਕ ਜੀ ਇਹ ਫਰਮਾਉਣ ਕਿ ਸਿਧਾਂਤਕ ਅਸੂਲਾਂ ਤੋਂ ਲਾਂਭੇ ਹੋ ਕੇ ਤੇ ਫਤਵਿਆਂ ਤੋਂ ਗੁਰੇਜ਼ ਕਰਕੇ ਕੌਮਾਂਤਰੀ ਕਮਿ: ਲਹਿਰ ਵਿਚ ਕਦੇ ਏਕਤਾ ਹੋਈ ਹੋਵੇ ਜਾਂ ਉਨ੍ਹਾਂ ਖੁਦ ਕਿਸੇ ਨਕਸਲਵਾੜੀ ਗਰੁੱਪ ਦੀ ਵਿਚਾਰਧਾਰਾ ਤੇ ਸਿਆਸਤ ਨੂੰ ਪਰਾਂ ਧੱਕ ਕੇ ਏਕਤਾ ਕਾਇਮ ਕਰਨ ਦਾ ਨਾਮਣਾ ਖੱਟਿਆ ਹੋਵੇ ਕਿਉਂਕਿ ਤੁਸੀਂ ਨਕਸਲਵਾੜੀ ਬਗਾਵਤ ਤੋਂ ਲੈ ਕੇ 15 ਸਾਲਾਂ ਤੋਂ ਖੱਬੀ ਇਨਕਲਾਬੀ ਲਹਿਰ ਦੇ ਮੁਦਈ ਹੋਣ ਦਾ ਦਾਅਵਾ ਕਰਦੇ ਆ ਰਹੇ ਹੋ। ਅਜੇਹੀ ਖੱਬੀ ਏਕਤਾ ਬਾਰੇ ਤੁਹਾਨੂੰ ਕੋਈ ਮਿਸਾਲ ਜ਼ਰੂਰ ਪੇਸ਼ ਕਰਨੀ ਚਾਹੀਦੀ ਏ। ਕਿਉਂਕਿ ਤੁਸੀਂ ਅਜੇਹੀ "ਖੱਬੀ ਏਕਤਾ" ਲਈ ਜੋਰਦਾਰ ਢੰਗ ਨਾਲ ਦਲੀਲਾਂ ਪੇਸ਼ ਕਰਦੇ ਹੋ ਜਿਵੇਂ ਜਨਮ ਤੋਂ ਹੀ ਨਕਸਲਬਾੜੀਆਂ ਦਾ ਸੰਘਰਸ਼ ਇੰਨਾਂ ਦੋਵਾਂ ਪਾਰਟੀਆਂ ਦੇ ਵਿਰੁੱਧ ਰਿਹਾ ਹੈ ਸੋ ਇਸ ਲਈ ਹੁਣ ਉਨ੍ਹਾਂ ਨੂੰ ਚਾਹੀਦਾ ਹੈ ਕਿ "ਅਮਲੀ ਸਿਆਸਤ ਵਿਚ ਸੀ. ਪੀ. ਆਈ ਤੇ ਸੀ. ਪੀ. ਐਮ ਨੂੰ ਬੁਰਜੁਆ ਜਗੀਰਦਾਰੀ ਪਾਰਟੀਆਂ ਕਾਂਗਰਸ; ਜਨਸੰਘ, ਅਕਾਲੀਆਂ ਆਦਿਕ ਨਾਲ ਤੁਲਨਾ ਦੇਣਾ ਠੀਕ ਨਹੀਂ" (ਉਹੀ ਸਫ਼ਾ 2) ਸਗੋਂ ਨਕਸਲਬਾੜੀਆਂ ਨੂੰ ਸੰਪਾਦਕ ਦੀਆਂ ਇੰਨਾਂ ਗੱਲਾਂ ਵਲ ਕੰਨ ਕਰਨਾ ਚਾਹੀਦਾ ਹੈ। ਤਾਂ ਕਿ ਫਿਰ ਖੱਬੀ ਏਕਤਾ ਨੂੰ ਨਿਰ-ਵਿਘਨ ਸਿਰੇ ਚਾੜਿਆ ਜਾ ਸਕੇ।" ਜੇ ਸਤਪਾਲ ਡਾਂਗ ਤੇ ਸੇਵਾਰਾਮ (ਕਾਂਗਰਸ ਇੰਦਰਾ ਦਾ ਵਿਧਾਇਕ) ਵਿਚ ਕੋਈ ਫਰਕ ਨਹੀਂ ਤਾਂ ਇਹ ਮੂਰਖਤਾ ਤੋਂ ਸਿਵਾਏ ਕੁਝ ਨਹੀਂ"

(ਉਹੀ ਸਫਾ 3) ਇਸ ਤੋਂ ਅੱਗੇ ਫੇਰ ਨਕਸਲੀਏ ਧਿਆਨ ਧਰਕੇ ਸੁਣਨ "ਜੇਕਰ ਕੋਈ ਆਖੇ ਯੂ. ਪੀ. ਸਰਕਾਰ ਤੇ ਬੰਗਾਲ ਸਰਕਾਰ ਦੀਆਂ ਜ਼ਮੀਨੀ ਨੀਤੀਆਂ 'ਚ ਕੋਈ ਫਰਕ ਨਹੀਂ ਤਾਂ ਇਹ ਅਸਲੀਅਤ ਤੋਂ ਅੱਖਾਂ ਬੰਦ ਕਰਨ ਵਾਲੀ ਗਲ ਹੋਵੇਗੀ।" (ਉਹੀ) ਸੋ ਸੱਚੇ ਕਮਿਊਨਿਸਟ ਇਨਕਲਾਬੀਆਂ ਨੂੰ ਤੇ ਨਕਸਲਬਾੜੀਆਂ ਨੂੰ ਸੰਪਾਦਕ ਦੀ ਇਹ ਰਾਏ ਮੰਨ ਲੈਣੀ ਚਾਹੀਦੀ ਹੈ। "ਜਦੋਂ ਅਸੀਂ ਪੱਛਮੀ ਬੰਗਾਲ ਦੇ ਯਤਨਾਂ ਨੂੰ ਦਸਦਿਆਂ ਹੋਇਆਂ ਇਹ ਸਾਬਤ ਕਰਾਂਗੇ ਕਿ ਇਹ ਜਮੀਨੀ ਸੁਧਾਰ ਨਾਕਾਫੀ ਹਨ, ਹਿੰਦੁਸਤਾਨ ਦਾ ਵਿਧਾਨ ਇਸ ਵਿਚ ਰੁਕਾਵਟ ਹੈ, ਜੋ ਇਨਕਲਾਬ ਰਾਹੀ ਚੱਕਣੀ ਪਊਗੀ ਤੇ ਸਾਨੂੰ ਇਹ ਸਮਝਾਉਣਾ ਪਊ ਕਿ ਮਾਰਕਸੀ ਪਾਰਟੀ ਨੂੰ ਇਹ ਭੰਬਲ ਭੂਸਿਆਂ ਵਾਲਾ ਰਾਹ ਛੱਡਕੇ ਇਨਕਲਾਬ ਦੇ ਰਾਹ ਨੂੰ ਅਪਨਾਉਣਾ ਚਾਹੀਦਾ ਹੈ" (ਸਫਾ ਉਹੀ) ਤਾਂ ਸਮਝੋ 'ਖੱਬੀ ਏਕਤਾ' ਕਰਨ ਵਿਚ ਫੇਰ ਕੋਈ ਵੱਡੀ ਰੁਕਾਵਟ ਨਹੀਂ ਪੈਣ ਲਗੀ। ਇਹ ਹੈ ਸੰਪਾਦਕ ਜੀ ਵੱਲੋਂ ਖੱਬੀ ਏਕਤਾ ਨੂੰ ਸਿਰੇ ਚੜ੍ਹਾਉਣ ਦਾ ਫਾਰਮੂਲਾ। ਮੁਆਫ ਕਰਨਾ ਅਜੇਹੀ 'ਖੱਬੀ ਏਕਤਾ' ਕਰਨ ਦੇ ਫਾਰਮੂਲੇ ਪਹਿਲੋਂ ਵੀ ਪੇਸ਼ ਕੀਤੇ ਗਏ ਹਨ ਜਿਨ੍ਹਾਂ ਦਾ ਸਿੱਟਾ ਕੁਝ ਵੀ ਨਹੀਂ ਨਿਕਲਿਆ। ਰੂਸ ਅੰਦਰ ਟਰਾਟਸਕੀ ਨੇ ਸਿਧਾਂਤਕ ਅਸੂਲਾਂ ਨੂੰ ਛਡ ਕੇ ਗਰੁੱਪ ਵੰਡ ਦਾ ਭੋਗ ਪਾਉਣ ਲਈ ਸ਼ੋਰ ਮਚਾਇਆ ਉਹ ਸਤ ਅੱਠ ਗਰੁੱਪਾਂ ਨੂੰ ਇਕੱਠਾ ਕਰਕੇ ਅਗਸਤ ਬਲਾਕ ਬਣਾਉਣ ਵਿਚ ਕਾਮਯਾਬ ਹੋਇਆ ਤੇ ਲੈਨਨ ਨੂੰ ਫੁੱਟ-ਪਾਊਆਂ ਦਾ ਖਿਤਾਬ ਬਖਸ਼ਣ ਲੱਗਾ। ਪਰ ਜਲਦੀ ਹੀ ਅਗਸਤ ਬਲਾਕ ਵਿਚਾਰਧਾਰਕ ਸਿਆਸੀ ਏਕਤਾ ਨਾਂ ਹੋਣ ਕਰਕੇ ਇਕ ਸਾਲ ਦੇ ਅੰਦਰ ਹੀ ਖਿੰਡ ਖਪਰ ਗਿਆ। ਉਨ੍ਹਾਂ ਵੱਲੋਂ ਇਨਕਲਾਬ ਕਰਨਾ ਤਾਂ ਦੂਰ ਦੀ ਗੱਲ ਰਿਹਾ। ਸੋ ਵਿਚਾਰਧਾਰਕ ਸਿਆਸੀ ਅਧਾਰ ਤੋਂ ਬਿਨਾਂ ਏਕਤਾ ਕਰਨੀ ਪਿਛਾਖੜੀ ਪਾਰਟੀਆਂ ਅੰਦਰ ਜ਼ਰੂਰ ਚਲਦਾ ਹੈ ਜਿਵੇਂ ਇਥੇ ਇਕ ਪਾਸੇ ਇੰਦਰਾ ਕਾਂਗਰਸ ਸਮਾਜਵਾਦ ਦਾ ਝੰਡਾ ਲਹਿਰਾ ਰਹੀ ਸੀ ਦੂਜੇ ਪਾਸੀਂ ਸੀ. ਪੀ. ਆਈ ਸਮਾਜਵਾਦ ਦੇ ਸੋਹਲੇ ਗਾ ਰਹੀ ਸੀ। ਇੰਨਾਂ ਦੋਵਾਂ ਪਾਰਟੀਆਂ ਦੀ ਖੱਬੀ ਏਕਤਾ ਐਮਰਜੈਂਸੀ ਦੁਰਾਨ ਹੋਰ ਵੀ ਪੱਕੀ ਹੋ ਗਈ ਤੇ ਐਮਰਜੈਂਸੀ ਤੋਂ ਬਾਦ...। ਇਸੇ ਤਰ੍ਹਾਂ ਮਾਰਕਸੀਆਂ ਦੀ ਬੰਗਾਲ ਵਿਚ ਸਾਂਝੇ ਮੋਰਚੇ ਦੀ ਸਰਕਾਰ ਨੇ 1966-67 ਵਿਚ ਨਕਸਲਬਾੜੀ ਨੂੰ ਜੇਲਾਂ 'ਚ ਸੁਟਿਆ, ਤਸੀਹੇ ਦਿੱਤੇ, ਉਨ੍ਹਾਂ ਵਿਚੋਂ ਅਨੇਕਾ ਨੂੰ ਪੁਲਸ ਮੁਕਾਬਲੇ ਬਣਾਕੇ ਮੌਤ ਦੇ ਘਾਟ ਉਤਾਰਿਆ ਇਸ ਬਗਾਵਤ ਦੀ ਅਗਵਾਈ ਕਰਨ ਵਾਲਿਆਂ ਨੂੰ ਮਾਰਕਸੀ ਪਾਰਟੀ 'ਚੋਂ ਬਾਹਰ ਕੱਢ ਸੁਟਿਆ। ਤਾਂ ਹੀ ਨਕਸਲਬਾੜੀ ਆਗੂਆਂ ਨੇ ਅਜੇਹੇ ਪਿਛਾਖੜੀਆਂ ਦੀ ਪਰਵਾਹ ਨਾ ਕਰਦੇ ਹੋਏ ਸੀ. ਪੀ. ਆਈ ਤੇ ਸੀ. ਪੀ. ਐਮ ਨੂੰ "ਦੇਸ਼-ਗਦਾਰ ਦਾ ਪੱਕਾ ਫਤਵਾ ਦਿੱਤਾ।" ਜੋ ਸੰਪਾਦਕ ਦੇ ਕਹਿਣ ਅਨੁਸਾਰ ਕਮਿਊਨਿਸਟ ਪਾਰਟੀਆਂ ਦੀ ਕੁਝ ਲੀਡਰਸ਼ਿਪ ਵਾਸਤੇ ਇਹ ਫਤਵਾ ਉਸ ਵੇਲੇ ਬਹੁਤ ਹੱਦ ਤੀਕ ਠੀਕ ਵੀ ਕਿਹਾ ਜਾ ਸਕਦਾ ਸੀ।"

ਪਰ ਸੰਪਾਦਕ ਜੀ ਹੁਣ ਖੱਬੀ ਏਕਤਾ ਰਾਹੀਂ ਸਜੀਆਂ ਖੱਬੀਆਂ ਪਾਰਟੀਆਂ ਤੇ ਨਕਸਲੀ ਗਰੁੱਪਾਂ ਦਾ ਸਿਰਨਰੜ ਕਰਨ ਲਈ ਇਸ ਗਲ ਉਪਰ ਪਛਤਾ ਵੀ ਰਹੇ ਹਨ ਕਿ "ਇਸ ਫਤਵੇ ਨੇ ਨਕਸਲਵਾੜੀਆਂ ਨੂੰ ਉਨਾਂ ਸੁਹਿਰਦ ਸਾਥੀਆਂ ਤੋਂ ਦੂਰ ਕੀਤਾ"। ਸ਼ਾਇਦ ਜਿੰਨਾਂ ਨੇ ਨਕਸਲਬਾੜੀਆਂ ਨੂੰ ਸੀ. ਪੀ. ਆਈ. ਤੇ ਸੀ. ਪੀ. ਐਮ. ਚੋਂ ਬਾਹਰ ਕੱਢ ਮਾਰਿਆ। ਜਿੰਨਾਂ ਨੇ ਪਿਛਾਖੜੀ ਕਾਂਗਰਸ ਸਰਕਾਰ ਨਾਲ ਮਿਲਕੇ ਨਕਸਲਬਾੜੀ ਬਗਾਵਤ ਨੂੰ ਕੁਚਲਣ ਲਈ ਬੰਦੂਕ ਤੇ ਅੱਗ ਦੀ ਵਰਤੋਂ ਕੀਤੀ। ਜਿੰਨਾਂ ਨੇ ਨਕਸਲੀ ਆਗੂਆਂ ਨੂੰ ਅਮਰੀਕਾ ਜਾਂ ਸੀ. ਆਈ. ਏ ਦੇ ਏਜੰਟ ਕਿਹਾ। ਪਰ ਸੰਪਾਦਕ ਨੂੰ ਕਲਕੱਤਾ ਤੋਂ ਅਜੀਤ ਰਾਏ ਦੀ ਗੱਲ ਚੰਗੀ ਲੱਗੀ ਹੈ ਕਿ ਨਕਸਲਬਾੜੀ ਲਹਿਰ ਦਾ ਇਹ 'ਮਤਲਬ ਨਹੀਂ ਕਿ ਹਰ ਇਕ ਬੂਟਾ ਨਵਾਂ ਲਾਇਆ ਜਾਵੇ। ਬਹੁਤ ਬੂਟੇ ਫਲ ਦੇਣ ਦੀ ਹਾਲਤ ਤੱਕ ਪੁਜੇ ਹੋਏ ਹਨ ਤੇ ਥੋੜੀ ਗੋਡੀ ਨਾਲ ਫਲ ਦੇਣ ਦੇ ਯੋਗ ਹੋ ਸਕਦੇ ਹਨ" ਭਾਵ ਨਕਸਲੀ ਆਗੂਆਂ ਨੂੰ ਮਾਰਕਸੀ ਪਾਰਟੀ 'ਚੋਂ ਬਾਹਰ ਆਕੇ ਨਵੇਂ ਬੂਟੇ ਪੈਦਾ ਨਹੀਂ ਕਰਨੇ ਚਾਹੀਦੇ ਸਨ। ਸੋ ਉਨਾਂ ਨੂੰ ਚਾਹੀਦਾ ਸੀ ਕਿ ਖੱਬੀ ਏਕਤਾ ਬਣਾਈ ਰੱਖਣ ਲਈ ਇਸ ਸ਼ਲੋਕ ਉਪਰ ਦ੍ਰਿੜਤਾ ਨਾਲ ਪਹਿਰਾ ਦਿੰਦੇ "ਫਰੀਦਾ ਜੇ ਤਿਸੁ ਮਾਰਨ ਮੁਕੀਆਂ ਤਿੰਨਾਂ ਨਾਂ ਮਾਰ ਘੁਮਿ੍ਨ ਅਪਨੜੇ ਘਰੇ ਜਾਇਕੇ ਪੈਰ ਤਿੰਨਾਂ ਦੇ ਚੁੰਮ।" ਇਸ ਕਥਨ ਉਪਰ ਪਹਿਰਾ ਦੇ ਕੇ ਮਾਰਕਸੀ ਪਾਰਟੀ ਅੰਦਰ ਹੀ ਆਪਣੀ ਥਾਂ ਬਣਾਈ ਰਖਦੇ ਤਾਂ ਕਿ ਉਨਾਂ ਸੁਹਿਰਦ ਸਾਥੀਆਂ ਦਾ ਸਾਥ ਗਵਾਇਆ ਨਾਂ ਜਾ ਸਕਦਾ ਜਿੰਨਾ ਨੇ ਬੂਟੇ ਬਣਕੇ ਫਲ ਦੇਣਾ ਸੀ। ਸੰਪਾਦਕ ਜੀ ਇਹ ਗਲ ਵੀ ਗਲਤ ਪਾਸੇ ਜਾਂਦੀ ਹੈ ਕਿਉਂਕਿ ਉਸ ਵੇਲੇ ਨਕਸਲਬਾੜੀ ਦੀ ਬਗਾਵਤ ਨੇ ਹੀ ਹਾਲਤਾਂ ਦਾ ਕੁਝ ਹੱਦ ਤੀਕ ਠੀਕ ਨਿਖੇੜਾ ਕੀਤਾ ਸੀ। ਜੋ ਪਾਰਟੀਆਂ ਇਸ ਜਮਾਤੀ ਟੱਕਰ ਵਿਚ ਸਾਂਮਰਾਜੀਆਂ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਤੇ ਜਗੀਰਦਾਰਾਂ ਦੀ ਮੱਦਦ ਤੇ ਆਈਆਂ ਉਹ ਕਿਸੇ ਤਰਾਂ ਵੀ ਸਮਾਜਵਾਦ ਦਾ ਬੁਰਕਾ ਪਹਿਨੀ ਰੱਖਣ ਕਮਿਊਨਿਸਟ ਕਹਾਉਣਦੀਆਂ ਹੱਕਦਾਰ ਨਹੀਂ। ਇਸਤਰਾਂ ਇੱਥੇ ਆਕੇ ਡਾਂਗ ਤੇ ਸੇਵਾਰਾਮ ਦਾ ਨਿਖੇੜਾ ਕਰਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜਦੋਂ ਉਹ ਦੋਵੇਂ ਕਿਸਾਨੀ ਬਗਾਵਤ ਨੂੰ ਗੁੱਸੇ ਭੀਰਆਂ ਨਜ਼ਰਾਂ ਨਾਲ ਵੇਖਦੇ ਹਨ। ਜਿੰਨਾਂ ਨੇ ਮਿਹਨਤਕਸ਼ ਲੋਕਾਂ ਦੀ ਹਥਿਆਰਬੰਦ ਬਗਾਵਤ ਦਾ ਸਵਾਗਤ ਕੀਤਾ ਤੇ ਦ੍ਰਿੜਤਾ ਨਾਲ ਪੱਖ ਪੂਰਿਆ। ਉਨ੍ਹਾਂ ਦੀ ਇੰਨਾਂ ਦੋਵਾਂ ਸੋਧਵਾਦੀ ਪਾਰਟੀਆਂ ਨਾਲ ਏਕਤਾ ਕਰਵਾਉਣੀ ਗਲਤ ਪਾਸੇ ਵਲ ਜਾਣਾ ਬਣਦਾ ਹੈ। ਇਸ ਤਰ੍ਹਾਂ ਸੰਪਾਦਕ ਜੀ ਖੱਬੀ ਏਕਤਾ ਦੀ ਝੋਲ ਵਿਚ ਆਏ ਸੋਧਵਾਦੀਆਂ ਤੇ ਕਮਿਊਨਿਸਟਾਂ ਦੀਆ ਆਪਸ ਵਿਚ

ਜੱਫੀਆਂ ਪਵਾਉਨ ਦੀ ਖਾਹਸ਼ ਪ੍ਰਗਟ ਕਰ ਰਹੇ ਹਨ । ਸੰਪਾਦਕ ਵੱਲੋਂ ਅਜਿਹੀ ਖੱਬੀ ਏਕਤਾ ਦੀ ਲਾਈਨ ਪੇਸ਼ ਕਰਨਾ ਅਸਲ ਵਿਚ ਖੱਬੀਆਂ ਸੱਜੀਆਂ ਦੀ ਗਲਤ ਬੁਨਿਆਦੀ ਲਾਈਨਾਂ ਦੇ ਸੁਮੇਲ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ । ਜਿਸਨੂੰ ਕਮਿਉਨਿਸਟ ਇਨਕਲਾਬੀ ਕਦਾਚਿਤ ਪਰਵਾਨ ਨਹੀਂ ਕਰਨਗੇ ।

ਇਸਤਰਾਂ ਜੋ ਇਹ ਗਲ ਪੇਸ਼ ਕੀਤੀ ਹੈ ਕਿ ਮਾਰਕਸੀ ਪਾਰਟੀ ਦੀ ਸਰਕਾਰ ਦੇ ਬੰਗਾਲ ਅੰਦਰ ਜ਼ਮੀਨੀ ਸੁਧਾਰਾਂ ਦਾ ਗੁਣਗਾਨ ਕਰਕੇ ਮਾਰਕਸੀ ਪਾਰਟੀ ਨੂੰ ਇਨਕਲਾਬ ਵਲ ਸ਼ਿਸ਼ਕਰਦੇ ਹੋਏ ਏਕਤਾ ਵਲ ਵਧਣਾ ਚਾਹੀਦਾ ਹੈ ਇਹ ਵੀ ਨਿਰਮੂਲ ਹੈ, ਕਿਉਂਕਿ ਨਕਸਲਬਾੜੀ ਬਗਾਵਤ ਦਾ ਤਜ਼ਰਬਾ ਹੀ ਦਸਦਾ ਹੈ ਕਿ ਉਹ ਤਿਖੇਜਮੀਨੀ ਭੇੜ ਦੀ ਉਪਜ ਸੀ ਜਿਸਨੇ ਮਾਰਕਸੀ ਪਾਰਟੀ ਦੀ ਲੀਡਰਸ਼ਿਪ ਨੂੰ ਦੰਭੀ ਗਦਾਰ ਦਾ ਫਤਵਾ ਦਿਤਾ ਨਾਂ ਕਿ ਉਸਦੀ ਜਮੀਨੀ ਸੁਧਾਰਾਂ ਦੇ ਸਵਾਗਤ ਕੀਤੇ ਗਏ ਸਨ । ਜੇਕਰ ਨਕਸਲਬਾੜੀ ਦੇ ਆਗੂ ਜਮੀਨੀ ਸੁਧਾਰਾਂ ਦੇ ਗੁਣਗਾਨ ਕਰਨ ਲਗ ਪੈਂਦੇ ਨਾਂ ਹੀ ਨਕਸਲਬਾੜੀ ਬਗਾਵਤ ਉਠਦੀ ਤੇ ਨਾ ਹੀ ਸੀ. ਪੀ. ਆਈ ਤੇ ਮਾਰਕਸੀ ਪਾਰਟੀ ਦਾ ਚਿਹਰਾ ਬੇਨਕਾਬ ਹੁੰਦਾ ।

**ਇਨਕਲਾਬੀ ਏਕਤਾ ਦੇ ਸਵਾਲ ਬਾਰੇ** : ਸਭ ਤੋਂ ਪਹਿਲਾ ਸਵਾਲ ਹੈ ਕਿ ਏਕਤਾ ਕਿਸ ਲਈ ਕਰਨੀ ਹੈ ? ਅਸੀਂ ਏਕਤਾ ਕਰਨੀ ਹੈ ਦੁਸ਼ਮਨ ਵਿਰੁਧ ਜਮਾਤੀ ਸੰਘਰਸ਼ ਕਰਨ ਖਾਤਰ । ਜੇਕਰ ਜਮਾਤੀ ਸੰਘਰਸ਼ ਦੀ ਲਾਈਨ ਹੀ ਗਲਤ ਹੈ ਤਾਂ ਸਿਟਾ ਲਾਜ਼ਮੀ ਫੁੱਟ ਵਿਚ ਨਿਕਲਦਾ ਹੈ । ਸੋ ਕਮਿਊਨਿਸਟ ਲਹਿਰ ਵਿਚ ਫੁੱਟ ਕਿਉਂ ਪਈ ਇਸਦਾ ਕਾਰਨ ਉਸਦੀ ਜਮਾਤੀ ਸੰਘਰਸ਼ ਦੀ ਗਲਤ ਲਾਈਨ ਵਿਚ ਹੈ । ਇਸ ਲਈ ਅਜੇਹੀ ਹਾਲਤ ਪਹਿਲਾਂ ਤੋਂ ਲੈ ਕੇ ਹੁਣ ਤਕ ਬਣੀ ਆਈ ਹੈ । ਕਮਿਉਨਿਸਟ ਇਨਕਲਾਬੀ ਲਹਿਰ ਦਾ ਤਜਰਬਾ ਹੀ ਇਹ ਦਰਸਾਉਂਦਾ ਹੈ ਕਿ ਬੁਨਿਆਦੀ ਜਮਾਤੀ ਦੁਸ਼ਮਣ ਵਿਰੁਧ ਜਮਾਤੀ ਘੋਲ ਦੀ ਇਨਕਲਾਬੀ ਲਾਈਨ ਹੀ ਇਨਕਲਾਬੀ ਤਾਕਤਾਂ ਨੂੰ ਇਕ ਇਨਕਲਾਬੀ ਪਾਰਟੀ ਵਿਚ ਤੇ ਉਸ ਪ੍ਰੋਲੇਤਾਰੀ ਦਾ ਹੋਰਨਾਂ ਇਨਕਲਾਬੀ ਵਿਅਕਤੀ ਗਰੁਪਾਂ ਤੇ ਮਜ਼ਦੂਰ ਜਮਾਤ ਦੀਆਂ ਵੱਖ ਵੱਖ ਇਨਕਲਾਬੀ ਸਫਾਂ ਤੇ ਪ੍ਰੋਲੇਤਾਰੀ ਜਮਾਤ ਤੇ ਸਹਿਜੋਗੀਆਂ ਨਾਲ ਏਕਤਾ ਕਾਇਮ ਕਰਨ ਵਿਚ ਕਾਮਯਾਬ ਹੁੰਦੀ ਹੈ ਤੇ ਅੰਤ ਵਿਚ ਇਨਕਲਾਬੀ ਪ੍ਰੋਲੇਤਾਰੀ ਲਾਈਨ ਹੀ ਆਪਣੇ ਦੁਸ਼ਮਣ ਨੂੰ ਹਰਾਉਣ ਵਿਚ ਸਹਾਈ ਹੁੰਦੀ ਹੈ । ਇਸ ਤੋਂ ਉਲਟ ਏਕਤਾ ਦੀਆਂ ਨਿਰੀਆਂ ਗੜਗੂੰਜਾਂ ਇਕ ਦੂਜੇ ਨੂੰ ਦਿੱਤੇ ਫਤਵੇ ਤੋਂ ਗੁਰੇਜ਼ ਨਾ ਹੀ ਇਨਕਲਾਬੀ ਏਕਤਾ ਉਸਾਰ ਸਕਦੀਆਂ ਹਨ ਤੇ ਦੁਸ਼ਮਣ ਨੂੰ ਅਜੇਹੀ ਏਕਤਾ ਕਰਕੇ ਹਰਾਉਣਾ ਦੂਰ ਦੀ ਗੱਲ ਰਹੀ । ਸੋ ਅਖੀਰ ਵਿਚ ਇਨਕਲਾਬੀ ਏਕਤਾ ਇਹਨਾਂ ਚਾਰ ਨੁਕਤਿਆਂ ਅਨੁਸਾਰ ਹੋਣੀ ਚਾਹੀਦੀ ਹੈ ।

(1) ਇਕ ਦਰੁਸਤ ਵਿਚਾਰਧਾਰਕ-ਰਾਜਨੀਤਕ ਜਥੇਬੰਦਕ ਲਾਈਨ ਦੀ ਬੁਨਿਆਦ ਉਤੇ ਪਾਰਟੀ ਕਾਇਮ ਕਰਨੀ ਜੋ ਸੰਸਾਰ ਪ੍ਰੋਲੇਤਾਰੀ ਪਾਰਟੀ ਦੇ ਦਸਤੇ ਦੇ ਰੂਪ ਵਿਚ ਕੰਮ ਕਰਦੀ ਹੋਈ ਸੰਸਾਰ ਸਾਮਰਾਜਵਾਦ ਤੇ ਉਸਦੇ ਏਜੰਟਾਂ ਨੂੰ ਉਖਾੜਦੀ ਹੋਈ ਸਮਾਜਵਾਦ ਸਥਾਪਤ ਕਰਨ ਦੇ ਉਦੇਸ਼ ਨੂੰ ਪੂਰਾ ਕਰਨ ਦੇ ਲਈ ਸੰਘਰਸ਼ ਕਰਦੀ ਹੋਵੇ । ਪ੍ਰੰਤੂ ਸੰਸਾਰ ਪ੍ਰੋਲਤਾਰੀ ਪਾਰਟੀ ਸੰਸਾਰ ਸਾਮਰਾਜਵਾਦ ਨੂੰ ਉਖਾੜਣ ਤੇ ਸੰਸਾਰ ਸਮਾਜਵਾਦ ਸਥਾਪਤ ਕਰਨ ਦੇ ਆਪਣੇ ਸਪਸ਼ਟ ਉਦੇਸ਼ ਨਾਲ ਢੁਕਵੇਂ ਸਮੇਂ 'ਚ ਹੀ ਜਨਮ ਲਵੇਗੀ ।

(2) ਅਜਿਹੀ ਪਾਰਟੀ ਜੋ ਆਪਣੇ ਆਪ ਨੂੰ ਮਾਰਕਸੀ-ਲੈਨਿਨੀ ਕਹਾਉਣ ਵਾਲੇ ਗਰੁਪਾਂ ਨਾਲ ਹਿੰਦੁਸਤਾਨ ਦੇ ਪਿਛਾਖੜੀ ਰਾਜ ਵਿਰੁਧ ਘੱਟੋ ਘੱਟ ਪ੍ਰੋਗਰਾਮ ਦੇ ਆਧਾਰ ਤੇ ਏਕਤਾ ਕਾਇਮ ਕਰੇ ।

(3) ਸਰਮਾਏਦਾਰ ਮਾਲਕਾਂ (ਸਰਕਾਰੀ ਤੇ ਗੈਰ ਸਰਕਾਰੀ) ਵਿਰੁਧ ਸਭਨਾਂ ਮਜ਼ਦੂਰ ਯੂਨੀਅਨਾਂ ਦਾ ਆਪੋ ਆਪਣੇ ਖਿਤਿਆਂ ਵਿਚ ਇਕ ਸਾਂਝਾ ਮੋਰਚਾ ਕਾਇਮ ਕਰਨਾ, ਇਸ ਤਰ੍ਹਾਂ ਹੀ ਖੇਤ ਮਜ਼ਦੂਰਾਂ ਤੇ ਪ੍ਰੋਲੇਤਾਰੀਏ ਦਾ ਵਿਸ਼ਾਲ ਏਕਾ ਕਾਇਮ ਕੀਤਾ ਜਾਵੇ ।

(4) ਹਰ ਥਾਂ ਉਪਰ ਉਨ੍ਹਾਂ ਸਭਨਾਂ ਨਾਲ ਵਿਸ਼ਾਲ ਸਾਂਝਾ ਮੋਰਚਾ ਕਾਇਮ ਕਰਨਾ ਜੋ ਹਿੰਦੋਸਤਾਨੀ ਪਿਛਾਖੜੀ ਸਰਕਾਰ ਦਾ ਵਿਰੋਧ ਕਰਦੇ ਹੋਣ ਆਦਿ ।

ਮੈਂ ਸੰਪਾਦਕ ਤੋਂ ਪੂਰਨ ਇਛਾ ਰੱਖਦਾ ਹਾਂ ਕਿ ਉਹ ਉਪਰੋਕਤ ਇਨਕਲਾਬੀ ਏਕਤਾ ਬਾਰੇ ਮੇਰੇ ਵੱਲੋਂ ਪੇਸ਼ ਕੀਤੇ ਨੁਕਤਿਆਂ ਨੂੰ ਗੰਭੀਰਤਾ ਨਾਲ ਵਾਚਦੇ ਹੋਏ ਖੱਬੀ ਏਕਤਾ ਬਾਰੇ ਗਲਤ ਪਹੁੰਚ ਤਿਆਗਦੇ ਹੋਏ ਸੁਹਿਰਦ ਢੰਗ ਨਾਲ ਵਿਚਾਰ ਵਟਾਂਦਰਾ ਕਰਨਗੇ ।/ਦਲਜੀਤ ਕੋਟਕਪੂਰਾ

## 2. ਇਕ ਚਿੱਠੀ ਸੰਪਾਦਕੀ ਬਾਰੇ

—ਆਪ ਜੀ ਦੀ ਮਈ, 82 ਦੀ ਸੰਮਤਾ ਵਿਚ ਸੰਪਾਦਕੀ ਲੇਖ ਪੜਿਆ ਤੁਸੀਂ ਖਬੀ ਏਕਤ ਦੀ ਗੱਲ ਕੀਤੀ

ਸੀ. ਪੀ. ਆਈ, ਸੀ. ਪੀ. ਐਮ. ਦੀ ਸਿਫਤ ਕਰਨ ਦੀ ਗੱਲ ਉਹਨਾਂ ਦੀਆਂ ਵਖ 2 ਸਮੇਂ ਕੁਝ ਸੂਬਿਆਂ ਵਿਚ ਪ੍ਰਾਪਤੀਆਂ ਦੇ ਗੁਣ ਗਾਉਣ ਦੀ ਗੱਲ ਕੀਤੀ, ਇਹ ਮੈਨੂੰ ਬਿਲਕੁਲ ਨਹੀਂ ਜਚੀ ਤੁਸੀਂ ਆਖਿਆ ਕਿ ਸੀ. ਪੀ. ਆਈ, ਸੀ. ਪੀ. ਐਮ. ਨੂੰ ਵੀ ਕਾਂਗਰਸ, ਅਕਾਲੀ, ਜੰਨਤਾ, ਲੋਕ ਦਲ ਆਦਿ ਪਾਰਟੀਆਂ ਦੇ ਨਾਲ ਤੁਲਣਾ ਦੇਣੀ ਠੀਕ ਨਹੀਂ, ਮੈਂ ਸਮਝਦਾ ਹਾਂ ਕਿ ਕਿਸੇ ਵੀ ਇਨਕਲਾਬੀ ਨੂੰ ਏਸ ਗੱਲ ਤੋਂ ਝਿਜਕਣਾ ਨਹੀਂ ਚਾਹੀਦਾ ਮੌਕਾਪ੍ਰਸਤੀ ਅਤੇ ਸੋਧਵਾਦ ਵਲ ਨੂੰ ਧਕਦੀ ਹੋਵੇ, ਕੀ ਤੁਸੀਂ ਐਮਰਜੈਂਸੀ ਵਿਚ ਕਾਂਗਰਸ ਸਰਕਾਰ ਵਲੋਂ ਲਾਈ ਐਮਰਜੈਂਸੀ ਦੀ ਹਾਂ ਵਿਚ ਹਾਂ ਮਲਾਉਣ ਵਾਲੀ ਸੀ. ਪੀ. ਆਈ. ਦੇ ਰੋਲ ਨੂੰ ਠੀਕ ਸਮਝਦੇ ਹੋ ? ਕੀ ਤੁਸੀਂ ਜਨਤਾ ਸਰਕਾਰ ਦੀ ਭਾਈਵਾਲ ਮਾਰਕਸ਼ੀ ਸਰਕਾਰ ਦੇ ਕਿਰਦਾਰ ਨੂੰ ਠੀਕ ਸਮਝਦੇ ਹੋ ? ਕੀ ਤੁਸੀਂ ਸੀ. ਪੀ. ਐਮ. ਦੀ ਬੇਅਸੂਲੀ ਅਕਾਲੀਆਂ ਨਾਲ ਬੇਮੌਕੀ ਕੀਤੀ ਗੰਡ ਤੁਪ ਠੀਕ ਸਮਝਦੇ ਹੋ ? ਇਹੋ ਜਹੀਆਂ ਹੋਰ ਬਹੁਤ ਉਦਾਹਰਣਾਂ ਹਨ ਇਹ ਤਾਂ ਤੁਸੀਂ ਜ਼ਰੂਰ ਸੀ. ਪੀ. ਆਈ., ਸੀ. ਪੀ. ਐਮ. ਅਤੇ ਕਮਿਊਨਿਸਟ ਇਨਕਲਾਬੀਆਂ ਫਰਕ ਸਮਝਦੇ ਹੋਵੋਂਗੇ ਕਿ ਸੀ. ਪੀ. ਆਈ. ਸੀ. ਪੀ. ਐਮ. ਵੀ ਬੁਰਜੂਆ ਸਰਕਾਰਾਂ ਵਾਂਗੂ ਸਮਾਜਵਾਦ ਦਾ ਨਾਰਾ ਦੇਕੇ ਮਿਹਨਤਕਸ਼ ਲੋਕਾਂ ਦਾ ਮਜ਼ਾਕ ਉਡਾ ਕੇ ਗਦੀ ਦੀ ਲਲਜ ਪੂਰੀ ਕਰਨੀ ਚਾਹੁੰਦੀ ਹੈ ਤੁਹਾਨੂੰ ਯਾਦ ਹੋਵੇਗਾ ਕਿ ਕੁਮਕਲਾਂ ਹਲਕੇ ਦੇ ਮਾਰਕਸੀ ਐਮ. ਐਲ. ਏ. ਨੇ ਕੀ ਖੇ ਅੜਾਈ ਹੈ ਇਹ ਕਿਥੋਂ ਸਮਾਜਵਾਦ ਲੈ ਆਉਣਗੇ ? ਦੂਜੇ ਪਾਸੇ ਕਮਿਊਨਿਸਟ ਇਨਕਲਾਬੀ ਤਾਂ ਆਪਾ ਕੁਰਬਾਨ ਕਰਨ ਤੋਂ ਸਵਾਏ ਹੋਰ ਕੁਝ ਨਹੀਂ ਪ੍ਰਾਪਤ ਕਰ ਸਕਦਾ ਹੁਣ ਤਕ ਕਿੰਨੇ ਹੀ ਕਮਿਊਨਿਸਟ ਇਨਕਲਾਬੀਆਂ ਨੂੰ ਤਸੀਹੇ ਦੇ ਦੇ ਕੇ ਅਣਮਨੁਖੀ ਢੰਗ ਨਾਲ ਪੁਲੀਸ ਮੁਕਾਬਲੇ ਕਹਿ ਕੇ ਗੋਲੀਆਂ ਨਾਲ ਉਡਾਇਆ ਗਿਆ। ਕੀ ਉਹਨਾਂ ਨੇ ਗੱਦੀਆਂ ਤੇ ਬਿਰਾਜਮਾਨ ਹੋਣਾ ਸੀ ਕੀ ਤੁਸੀਂ ਇਹ ਸੋਧਵਾਦੀਆਂ ਬਾਰੇ ਚੰਗੀ ਤਰ੍ਹਾਂ ਨਹੀਂ ਜਾਣਦੇ ਕਿ ਇਹ ਵੀ ਬੁਰਜੂਆ ਧਾਰਨੀਆਂ ਵਾਂਗ ਐਸਪ੍ਰਸਤੀ ਅਤੇ ਲੰਮੀ ਉਮਰ ਜੀਉਣ ਦੇ ਲਾਲਚੀ ਹਨ ਮੈਂ ਤੁਹਾਡੇ ਵਰਗੇ ਸੂਝਵਾਨ ਦਾ ਇਹ ਲੇਖ ਪੜਕੇ ਬੜਾ ਹੈਰਾਨ ਹੋਇਆ ਕਿ ਕਿਵੇਂ ਤੁਸੀਂ ਵੀ ਹੌਲੀ 2 ਆਪਣੇ ਆਪ ਨੂੰ ਐਨੀ ਵਡੀ ਉਚ ਦਰਜੇ ਦੀ ਵਿਚਾਰਧਾਰਾਂ ਰੱਖਦੇ ਹੋਏ ਇਹ ਸੋਚਣ ਲਗ ਪਏ ਜਾਂ ਤਾਂ ਫਿਰ ਤੁਸੀਂ ਚਹੁੰਦੇ ਹੋਵੋਂਗੇ ਕਿ...। ਦਬੜੂ ਘੁਸੜੀ ਸਾਰੇ ਹੀ ਇਕੱਠੇ ਹੋ ਕੇ ਇਨਕਲਾਬ ਛੇਤੀ ਹੀ ਲੈ ਆਉਣਗੇ ਪਰ ਇਹ ਗੱਲ ਇੰਝ ਨਹੀਂ ਲਗਦੀ ਇਨਕਲਾਬ ਤਾਂ ਉਹੀ ਲਿਆ ਸਕਣਗੇ ਜਿਹੜੇ ਸੱਚੀ ਮੁਚੀ ਹੀ ਮਿਹਨਤਕਸ਼ ਲੋਕਾਂ ਦੇ ਹਿਤੈਸ਼ੀ ਹੋਣਗੇ ਇਹ ਜਹੇ ਉਲਟ ਇਨਕਲਾਬੀਆਂ ਅਤੇ ਮੌਕਾਪ੍ਰਸਤਾਂ ਨੂੰ ਭਾਂਜ ਦੇਣਾ ਜ਼ਰੂਰੀ ਬਣਦਾ ਹੈ ਏਕੇ ਦੀ ਲੋੜ ਬੰਦਿਆਂ ਨਾਲ ਹੁੰਦੀ ਹੈ ਨਾ ਕਿ ਜਿੰਨੀਆਂ ਵਡੀਆਂ ਦੁਸ਼ਮਣ ਬੁਰਜੂਆ ਪਾਰਟੀਆਂ ਹਨ ਉਨੀਆਂ ਹੀ ਦੁਸ਼ਮਣ ਇਹ ਹਨ। ਕੇਰਲਾ, ਬੰਗਾਲ, ਤਰੀਪੁਰਾ 'ਚ ਕਿੰਨੇ ਕਮਿਊਨਿਸਟ ਇਨਕਲਾਬੀਆਂ ਨੂੰ ਗੋਲੀਆਂ ਨਾਲ ਭੁਨਿਆ ਗਿਆ ਜ਼ਰਾ ਸੋਚਣ ਵਾਲੀ ਗੱਲ ਹੈ।

ਸਨੇਹ ਨਾਲ

ਕੁਲਵੰਤ ਸਿੰਘ ਦੀਵਾਲਾ

ਇਹਨਾਂ ਦੋਨਾਂ ਸਾਥੀਆਂ ਦੀਆਂ ਚਿੱਠੀਆਂ ਪੜ੍ਹਕੇ ਉਹ ਸਵਾਲ ਉਭਰਕੇ ਆਏ ਹਨ, ਜਿਹੜੇ ਮੈਨੂੰ ਹੋਰਨਾਂ ਬਹੁਤ ਸਾਰੇ ਸਾਥੀਆਂ ਨੇ ਜ਼ਬਾਨੀ ਵੀ ਕੀਤੇ ਹਨ ਤੇ ਇਹਨਾਂ ਦਾ ਜਵਾਬ ਦੇਣਾ ਜ਼ਰੂਰੀ ਹੋ ਗਿਆ ਹੈ। ਪਹਿਲੀ ਗੱਲ ਤਾਂ ਇਹ ਆਖਾਂਗਾ ਕਿ ਮੈਂ ਆਪਣੀ ਕਿਸੇ ਲਿਖਤ ਵਿਚ ਇਸ ਏਕਤਾ ਦਾ ਇਹ ਫਾਰਮੂਲਾ ਨਹੀਂ ਪੇਸ਼ ਕੀਤਾ ਕਿ 'ਆਪਣੇ ਮਤਭੇਦਾਂ ਨੂੰ ਭੁਲਕੇ ਏਕਤਾ ਕੀਤੀ ਜਾਏ ਜਾਂ ਇਕ ਪਾਰਟੀ ਵਿਚ ਜਜ਼ਬ ਹੋ ਜਾਈਏ'। ਮੇਰੀ ਸੰਪਾਦਕੀ ਦਾ ਨਿਚੋੜ ਸੀ 'ਆਪਣੀਆਂ ਪੁਜ਼ੀਸ਼ਨਾਂ ਤੇ ਸਪੱਸ਼ਟ ਰਹਿੰਦੇ ਹੋਏ ਲੋਕ-ਸੰਘਰਸ਼ਾਂ ਵਿਚ ਵੱਧ ਤੋਂ ਵੱਧ ਏਕਤਾ ਕਾਇਮ ਕਰੀਏ'—ਭਾਵ ਕਿ ਆਪਣੇ ਮਤਭੇਦਾਂ ਨੂੰ ਲੋਕ ਸੰਘਰਸ਼ਾਂ ਲਈ ਏਕਤਾ ਵਿਚ ਵਿਘਨ ਨਾ ਪਾਣ ਦੇਈਏ। ਇਹ ਗੱਲ ਮੈਂ ਮੁਖ ਤੌਰ ਤੇ ਨਕਸਲਬਾੜੀ ਸੰਬੰਧਤ ਕਮਿਊਨਿਸਟ ਇਨਕਲਾਬੀਆਂ ਨੂੰ ਸੰਬੋਧਨ ਕੀਤੀ ਸੀ,ਤੇ ਲੋੜ ਪੈਣ ਤੇ ਇਸਨੂੰ ਸੀ.ਪੀ.ਐਮ. ਅਤੇ ਸੀ.ਪੀ.ਆਈ. ਤਕ ਵੀ ਲਿਜਾਣ ਲਈ ਕਿਹਾ ਸੀ। ਇਹ ਸਮੇਂ ਦੀ ਲੋੜ ਹੈ। ਇਸਦਾ ਇਕ ਸਬੂਤ ਪ੍ਰਤਖ ਤੌਰ ਤੇ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਤਜਰਬੇ ਤੋਂ ਲਿਆ ਜਾ ਸਕਦਾ ਹੈ। ਗੁੰਡਾਗਰਦੀ ਦਾ ਚੈਲਿੰਜ ਜਿਸਦਾ ਸਾਹਮਣਾ ਸਮੁੱਚੀ ਵਿਦਿਆਰਥੀ ਲਹਿਰ ਨੂੰ ਕਰਨਾ ਪੈ ਰਿਹਾ ਹੈ, ਉਸਨੇ ਪੰਜਾਬ ਸਟੂਡੈਂਟ ਯੂਨੀਅਨ ਦੇ ਤਿੰਨੇ ਗਰੁਪਾਂ (ਪਟਵਾਰੀ, ਅਜ਼ੈਬ, ਕਾਹਮਾ) ਨੂੰ ਮਜਬੂਰ ਕੀਤਾ ਹੈ ਕਿ ਉਹ ਕੋਈ ਸਾਂਝਾ ਐਕਸ਼ਨ ਉਲੀਕਣ ਅਤੇ ਇਕ ਸੂਚਨਾ ਅਨੁਸਾਰ ਇਸ ਸਾਂਝੇ ਐਕਸ਼ਨ ਵਿਚ ਉਹਨਾਂ ਨੂੰ ਐਸ.ਐਫ.ਆਈ. ਅਤੇ ਏ.ਐਸ.ਐਫ.ਆਈ. ਦਾ ਸਹਿਯੋਗ ਲੈਣ ਵਿਚ ਕੋਈ ਸੰਕੋਚ ਨਹੀਂ ਹੋਵੇਗਾ। ਮੇਰੀ ਸੋਚ ਅਨੁਸਾਰ ਇਹ ਸੰਕੋਚ ਹੋਣਾ ਵੀ ਨਹੀਂ ਟਾਹੀਦਾ। ਇਸ ਸਾਂਝੇ ਐਕਸ਼ਨ ਵਿਚ ਕਿਸੇ ਧਿਰ ਨੂੰ ਆਪਣੀ ਬੁਨਿਆਦੀ ਪੁਜ਼ੀਸ਼ਨ ਨਹੀਂ ਤਿਆਗਣੀ ਪੈਣੀ। ਇਹ ਅਸੂਲੀ ਐਕਸ਼ਨ ਹੈ।

ਦੂਜੀ ਗੱਲ ਮੇਰੀ ਤੇ ਚਿਠੀ ਲਿਖਣ ਵਾਲਿਆਂ ਦੀ (ਅਤੇ ਹੋਰ ਬਹੁਤ ਸਾਰੇ ਕਮਿਊਨਿਸਟ ਇਨਕਲਾਬੀਆਂ ਦੀ) ਪਹੁੰਚ ਵਿਚ ਜੋ ਫਰਕ ਦੀ ਹੈ ਉਹ ਇਹ ਹੈ ਕਿ ਮੈਂ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੂੰ. ਬਾਵਜੂਦ ਓਹਨਾਂ ਦੀਆਂ ਬਹੁਤ ਸਾਰੀਆਂ ਨੀਤੀਆਂ ਦੇ ਜਿਨ੍ਹਾਂ ਨਾਲ ਮੇਰੀ ਕੋਈ ਸਹਿਮਤੀ ਨਹੀਂ, ਖੱਬੀ ਧਿਰ ਦੀਆਂ ਸਿਆਸੀ ਪਾਰਟੀਆਂ

ਸਵੀਕਾਰ ਕਰਦਾ ਹਾਂ, ਕਿਉਂਕਿ ਉਹ ਜਮਾਤੀ ਸਿਆਸਤ ਨੂੰ (ਬਹੁਤ ਵਾਰੀ ਨਕਸਲਵਾੜੀਆਂ ਤੋਂ ਵੀ ਵੱਧ) ਸਿਆਸਤ ਦਾ ਆਧਾਰ ਮੰਨਦੀਆਂ ਹਨ ਅਤੇ ਜੇਕਰ ਉਹ ਜਮਾਤੀ ਸੰਘਰਸ਼ ਵਿਚ ਮੌਜੂਦਾ ਹਾਲਤਾਂ ਵਿਚ ਹਥਿਆਰਬੰਦ ਸਾਧਨਾਂ ਨਾਲੋਂ ਪਾਰਲੀਮੈਨੀ ਸਾਧਨਾਂ ਵਿਚ ਬਹੁਤਾ ਯਕੀਨ ਰਖਦੀਆਂ ਹਨ ਤੇ ਇਹਦਾ ਮਤਲਬ ਨਹੀਂ ਕਿ ਉਹ ਖੱਬੀਆਂ ਧਿਰ ਦੀਆਂ ਪਾਰਟੀਆਂ ਨਹੀਂ ਹਨ। ਉਹਨਾਂ ਨੂੰ ਕਾਂਗਰਸ ਜੰਤਾ ਜੰਨ ਸੰਘ, ਅਕਾਲੀਆਂ ਆਦਿਕ ਨਾਲ ਤੁਲਨਾ ਦੇਣੀ ਬੁਨਿਆਦੀ ਤੌਰ ਤੇ ਗੈਰਮਾਰਕਸੀ ਪਹੁੰਚ ਹੈ ! ਇੰਦਰਾ ਕਾਂਗਰਸ ਦੀ ਮਿਸਾਲ ਦਿਤੀ ਗਈ ਹੈ ਕਿ ਉਹ ਵੀ ਸੋਸ਼ਲਿਜ਼ਮ ਨੂੰ ਪਰਣਾਈ ਹੈ, ਇਥੇ ਨਹੀਂ ਢੁੱਕਦੀ। ਇੰਦਰਾ ਕਾਂਗਰਸ ਦਾ ਕਿਸੇ ਜਮਾਤੀ ਸੰਘਰਸ਼ ਵਿਚ ਵਿਸ਼ਵਾਸ਼ ਨਹੀਂ ਇਸੇ ਤਰ੍ਹਾਂ ਸ਼ੀ. ਪੀ. ਆਈ ਦੀ ਐਮਰਜੈਂਸੀ ਵਿਚ ਇੰਦਰਾ ਦੀ ਹਿਮੈਤ ਦੇ ਕਈ ਅੰਦਰੂਨੀ ਤੇ ਬੈਰੂਨੀ ਕਾਰਨ ਸਨ ਜਿਸ ਅਨੁਸਾਰ ਉਹਨਾਂ ਨੇ ਇਹ ਨਿਰਨਾ ਲਿਆ। ਇਹ ਨਿਰਨਾ ਗ਼ਲਤ ਸ਼ੀ ਤੇ ਇਸਦਾ ਅਹਿਸਾਸ ਸੀ. ਪੀ. ਆਈ ਦੇ ਕੈਡਰ ਨੇ ਵੀ ਕੀਤਾ ਅਤੇ ਡਾਂਗੇ ਵਰਗੇ ਆਗੂ ਨੂੰ ਚੈਅਰਮੈਨੀ ਤੋਂ ਹੱਟਨਾ ਪਿਆ ਅਤੇ ਪਾਰਟੀ ਛਡਣੀ ਪਈ। ਐਮਰਜੈਂਸੀ ਦਾ ਮਿਹਨਾ ਹਰ ਸਮੇਂ ਦੁਹਰਾਣਾ ਅਤੇ ਵਿਸ਼ੇਸ਼ ਕਰਕੇ ਜਦੋਂ ਸ਼ਾਂਝੇ ਘੋਲ ਉਲੀਕਣੇ ਹਨ, ਠੀਕ ਨਹੀਂ ਹੋਵੇਗਾ।

ਸਾਥੀ ਨੇ ਲਿਖਿਆ ਹੈ ਕਿ ਨਿਖੇੜਾ ਤਾਂ ਨਕਸਲਵਾਦੀ ਕਿਸਾਨੀ ਬਗ਼ਾਵਤ ਵੇਲੇ ਹੋ ਗਿਆ ਸੀ ਜਦੋਂ ਸੀ. ਪੀ. ਐਮ ਨੇ ਕੇਂਦਰ ਦਾ ਸਾਥ ਦਿਤਾ ਤੇ ਖੱਬੇ ਪਖੀ ਬੰਗਾਲ ਸਰਕਾਰ ਨੇ ਕਮਿਊਨਿਸਟ ਇਨਕਲਾਬੀਆਂ ਉਤੇ ਬੇ ਪਨਾਹ ਅਤਿਆਕਾਰ ਕੀਤਾ। ਦੂਜੀ ਗਲ ਇਕ ਇਤਿਹਾਸਕ ਸਚਾਈ ਜ਼ਰੂਰ ਹੈ, ਪਰ ਪਹਿਲੀ ਗਲ ਕਿ ਨਿਖੇੜਾ ਹੋ ਗਿਆ. ਪੂਰਨ ਸੱਚ ਨਹੀਂ। ਕਮਿਊਨਿਸਟ ਇਨਕਲਾਬੀਆਂ ਨੇ ਤਾਂ ਆਪਣੇ ਵਲੋਂ ਨਿਖੇੜਾ ਕਰ ਦਿਤਾ ਪਰ ਕੀ ਇਸ਼ ਨਿਖੇੜੇ ਨੂੰ ਹਿੰਦੋਸਤਾਨ ਦੀ ਮਿਹਨਤਕਸ਼ ਜਮਾਤ ਨੇ (ਜਿਸ ਉਤੇ ਇਨਕਲਾਬ ਦੀ ਟੇਕ ਹੰਦੀ ਹੈ) ਜਾਂ ਸਮੱਚੀ ਜੰਤਾ ਨੇ ਸਵੀਕਾਰ ਕੀਤਾ ? ਇਸਦਾ ਜਵਾਬ 'ਨਹੀਂ' ਵਿਚ ਸਵੀਕਾਰ ਕਰਨ ਵਿਚ ਕੋਈ ਝਿੱਜਕ ਨਹੀਂ ਹੋਣੀ ਚਾਹੀਦੀ। ਜੇ ਮਿਹਨਤਕਸ਼ ਜਮਾਤ ਦੀ ਜਾਂ ਸਮੁੱਚੇ ਲੋਕਾਂ ਦੀ ਇਨਕਲਾਬੀ ਚੇਤਨਾ ਨੀਵੀਂ ਹੈ ਤਾਂ ਇਸ ਸਚਾਈ ਨੂੰ ਵੀ ਮੰਨ ਲੈਣਾ ਚਾਹੀਦਾ ਹੈ ਅਤੇ ਉਹ ਢੰਗ ਅਪਣਾਉਣੇ ਚਾਹੀਦੇ ਹਨ ਕਿ ਇਹ ਚੇਤਨਾ ਵੱਧੇ। ਜਿੰਨਾਂ ਗਲਾਂ ਦਾ ਨਿਤਾਰਾ ਅਠਵੀਂ ਦਸਵੀਂ ਪੌੜੀ ਤੇ ਜਾ ਕੇ ਚੇਤਨ ਜਮਾਤ ਨੇ ਆਪਣੇ ਤਜਰਬੇ ਤੋਂ ਆਪ ਕਰਨਾ ਸੀ, ਉਹ ਅਸੀਂ ਪਹਿਲੀ ਪੌੜੀ ਤੇ ਹੀ ਆਪ ਕਰਨ ਬੈਠ ਗਏ ਹਾਂ। ਆਪਸੀ ਬਹਿਸ ਨੂੰ ਬਾਲਸ਼ਵਿਕਾਂ ਤੇ ਮਾਨਸ਼ਵਿਕਾਂ ਜਾਂ ਟਰਾਟਸਦੀ ਦੇ ਅਗਸਤ ਗਰੁਪਾਂ ਨਾਲ ਜਾ ਜੋੜਿਆ ਹੈ ਤੇ ਆਪਣੇ ਆਪ ਨੂੰ (ਅਚੇਤ ਤੌਰ ਤੇ) ਲੈਨਿਨ ਵਾਲੀ ਸਹੀ ਪੁਜ਼ੀਸ਼ਨ ਵਾਲਾ ਸਮਝ ਲਿਆ ਤੇ ਦੂਜਿਆਂ ਨੂੰ ਮਾਨਸ਼ਵਿਕਾਂ ਵਾਲਾ ਦਰਜਾ ਦੇ ਦਿਤਾ। ਇਹ ਵੇਲੇ ਹਿੰਦੋਸਤਾਨ ਦੀ ਜੋ ਸਥਿਤੀ ਹੈ, ਸੀ. ਪੀ. ਆਈ ਤੋਂ ਲੈ ਕੇ ਕਮਿਊਨਿਸਟ ਇਨਕਲਾਬੀਆਂ ਤਕ ਇਹ ਕੋਈ ਦਾਅਵਾ ਨਹੀਂ ਕਰ ਸਕਦੇ ਕਿ ਉਹਨਾਂ ਨੇ ਸਥਿਤੀ ਪੂਰੀ ਤਰ੍ਹਾਂ ਸਮਝ ਲਈ ਹੈ ਅਤੇ ਲੋੜੀਦੇ ਦਾਅ ਪੇਚ ਅਪਣਾਕੇ ਉਹ ਹਿੰਦੋਸਤਾਨ ਦੇ (ਸਾਥੀ ਦਲਜੀਤ ਤਾਂ ਸੰਸਾਰ ਇਨਕਲਾਬ ਤਕ ਪੁੱਜ ਗਿਆ ਹੈ) ਇਨਕਲਾਬ ਨੂੰ ਸਿਰੇ ਚੜ੍ਹਾ ਸਕਦੇ ਹਨ। ਹਾਲੀ ਅਸੀਂ ਬਹੁਤ ਮੁੱਢਲੇ ਪੜਾਵਾਂ ਤੇ ਹਾਂ। ਕਮਿਊਨਿਸਟਾਂ ਦੀ ਆਪਾ ਪੜਚੋਲ ਵਾਦੀ ਹਲੀਮੀ ਨਾਲ ਇਹ ਗਲ ਸਵੀਕਾਰ ਕਰਨੀ ਚਾਹੀਦੀ ਹੈ। ਸ਼ੇਖ ਫਰੀਦ ਵਾਲਾ ਸ਼ਲੋਕ ਜਿਹੜਾ ਸਾਥੀ ਦਲਜੀਤ ਨੇ ਦਿਤਾ ਹੈ, ਉਹ ਕੋਈ ਇਕ ਧਿਰ ਤੇ ਲਾਗੂ ਨਹੀਂ ਹੁੰਦਾ, ਅਸੀਂ ਸਾਰਿਆਂ ਨੇ ਬਰਾਬਰ ਦੇ ਇਕ ਦੂਜੇ ਉਤੇ ਮੁੱਕੇ ਚਲਾਏ ਹਨ। ਜੇ ਮਾਰਕਸਵਾਦੀਆਂ ਨੇ ਨਕਸਲਬਾੜੀਆਂ ਨੂੰ ਸੀ. ਆਈ. ਏ ਏਜੰਟ ਆਦਿਕ ਦਾ ਨਾਂ ਦਿਤਾ ਹੈ, ਤਾਂ ਨਕਸਲਬਾੜੀਆਂ ਨੇ ਜਵਾਬ ਵਿਚ ਬਰਾਬਰ ਦੇ ਨਿਖੇਧਾਤਮਕ ਸ਼ਬਦ ਵਰਤੇ ਹਨ। ਇਕ ਦੂਜੇ ਨੂੰ ਬਥੇਰੇ ਮਿਹਨੇ ਮਾਰਕੇ ਦੇਖ ਲਿਆ ਹੈ। ਮੈਂ ਬੰਬਾਰੀ ਬੰਦ ਕਰਨ ਲਈ ਬੇਨਤੀ ਕਰ ਰਿਹਾ ਹਾਂ। ਅਸੂਲਾਂ ਉਤੇ, ਸਿਆਸਤ ਉਤੇ ਬਹਿਸ ਤਾਂ ਚਲਦੀ ਹੀ ਰਹਿਣੀ ਹੈ। ਪ੍ਰੈਕਟਿਸ ਵਿਚ ਵੱਧ ਤੋਂ ਵੱਧ ਸੰਘਰਸ਼ਾਂ ਵਿਚ ਸ਼ਮੂਲੀਅਤ ਮੇਹਨਤਕਸ਼ ਜਮਾਤ ਦੀ ਜਮਾਤੀ ਸੂਝ ਦੇ ਵਿਕਾਸ ਲਈ ਮੁੱਢਲੀ ਸ਼ਰਤ ਹੈ ਅਤੇ ਵਿਸ਼ਾਲ ਸੰਘਰਸ਼ ਖੱਬੀ ਧਿਰ ਦੀ ਏਕਤਾ ਤੋਂ ਬਿਨਾਂ ਨਹੀਂ ਲੜੇ ਜਾ ਸਕਦੇ ਭਾਵੇਂ ਉਹ ਕਿਸਾਨਾਂ ਦੇ ਹੋਣ, ਮਜ਼ਦੂਰਾਂ ਦੇ ਹੋਣ, ਵਿਦਿਆਰਥੀਆਂ ਦੇ ਹੋਣ, ਟੀਚਰਾਂਦੇ ਹੋਣ ਜਾਂ ਮੁਲਾਜ਼ਮਾਂ ਦੇ ਹੋਣ।

ਮੇਰੇ ਕੋਲੋਂ ਘੜੀ ਮੁੜੀ ਪੁਛਿਆ ਗਿਆ ਹੈ ਕਿ ਸੰਘਰਸ਼ਾਂ ਵਿਚ ਇਸ ਏਕਤਾ ਦਾ ਆਧਾਰ ਕੀ ਹੈ ਤੇ ਮੈਂ ਬੜੇ ਸਪਸ਼ਟ ਸ਼ਬਦਾਂ ਵਿਚ ਇਸਦਾ ਜਵਾਬ ਦੇਂਦਾ ਹਾਂ ਕਿ 'ਲੋਕਾਂ ਦੇ ਹਿੱਤ' ਹੀ ਇਹਦਾ ਆਧਾਰ ਹੈ। ਜਿਨਾਂ ਹਿੱਤਾਂ ਦੀ ਖਾਤਿਰ ਅਸੀਂ ਮੈਦਾਨ ਵਿਚ ਨਿਤਰੇ ਹਾਂ ਤੇ ਸਾਡੇ ਸਾਥੀਆਂ ਨੇ ਏਨੀਆਂ ਕੁਰਬਾਨੀਆਂ ਕੀਤੀਆਂ ਹਨ। ਜਿਹੜੀ ਵੀ ਨੀਤੀ ਜਾਂ ਪ੍ਰੈਕਟਿਸ ਇਹਨਾਂ ਹਿੱਤਾਂ ਨੂੰ ਨੁਕਸਾਨ ਪੁਚਾਂਦੀ ਹੈ, ਉਹ ਗ਼ਲਤ ਹੈ। ਲੋਕਾਂ ਤੇ ਹਿੱਤ ਇਸ ਵੇਲੇ ਇਹ ਹਨ ਕਿ ਇਸ ਨਿਜ਼ਾਮ ਦੇ ਵਿਰੁਧ ਸੰਘਰਸ਼ਾਂ ਵਿਚ ਆਪਸੀ ਮਤਭੇਦਾਂ ਨੂੰ ਪਹਿਲ ਨਾ ਦਿਤੀ ਜਾਏ, ਉਹਨਾਂ ਨੂੰ ਵਕਾਰ ਦਾ ਸਵਾਲ ਬਣਾਏ ਬਿਨਾਂ ਸਾਂਝੇ ਯਤਨਾਂ ਨਾਲ ਲਾਮਬੰਦੀ ਕਰੀਏ ਤੇ ਉਹਨਾਂ ਨੂੰ ਇਸ ਯੋਗ ਬਣਾਈਏ ਕਿ ਉਹ ਸਹੀ ਨਿਰਨੇ ਲੈਣ ਜਾਂ ਨਿਖੇੜਾ ਕਰ ਸਕਣ।ਇਹ ਕੋਈ ਫੋਕੀ ਗੜਗੂੰਜ ਨਹੀਂ। ਇਕ ਸਪੱਸ਼ਟ ਪਹੁੰਚ ਹੈ।

ਜ਼ਿੰਦਗੀ ਦੇ 30 ਸਾਲ ਮੈਂ ਲੈਬਾਰਟਰੀਆਂ ਵਿਚ ਤਜਰਬੇ ਕਰਦੇ ਗੁਜ਼ਾਰੇ ਹਨ। ਸੀਮੇਂਟ ਦੀ ਸਾਂਇਸ ਦਾ ਵਿਗਿਆਨੀ ਹੋਣ ਦੀ ਹੈਸੀਅਤ ਵਿਚ ਜਦੋਂ ਵੀ ਕੋਈ ਲੈਬਾਰਟਰੀ ਵਿਚ ਤਜਰਬਾ ਸ਼ੁਰੂ ਕਰੀਦਾ ਸੀ ਤਾਂ ਪਹਿਲਾਂ ਉਹਦਾ ਥਿਊਰੀ ਦੇ ਅਨੁਸਾਰ ਆਧਾਰ ਬਣਾਈਦਾ ਸੀ ਤੇ ਫੇਰ ਤਜਰਬਿਆਂ ਤੋਂ ਆਉਣ ਵਾਲੇ ਨਤੀਜਿਆਂ ਦਾ ਕਿਆਸ ਲਗਾਈਦਾ ਸੀ, ਜੇ ਉਹ ਕਿਆਸ ਅਨੁਸਾਰ ਨਤੀਜੇ ਨਾ ਨਿਕਲਣ ਤੇ ਥਿਊਰੀ ਨੂੰ ਵੀ ਘੋਖੀਦਾ ਸੀ ਤੇ ਤਜਰਬੇ ਵਾਸਤੇ ਅਪਣਾਈ ਤਕਨੀਕ ਦਾ ਵੀ ਘੋਖਣਾ ਜ਼ਰੂਰੀ ਹੋ ਜਾਂਦਾ ਸੀ। ਇਹੋ ਪਹੁੰਚ ਸਾਨੂੰ ਸਿਆਸਤ ਵਿਚ ਅਪਣਾਉਣੀ ਵੀ ਜ਼ਰੂਰੀ ਹੋ ਜਾਂਦੀ ਹੈ। ਮੈਂ ਦੋ ਮਿਸਾਲਾਂ ਲੈਣਾ ਹਾਂ।

ਅੱਜ ਤੋਂ ਅੱਠ ਸਾਲ ਪਹਿਲਾਂ ਮੈਂ 'ਮੋਲਡਰ ਤੇ ਸਟੀਲ ਵਰਕਰਜ਼ ਯੂਨੀਅਨ ਲੁਧਿਆਨਾ' ਵਾਲਿਆਂ ਦੇ ਕੁਝ ਪੈਂਫਲਿਟ ਪੜ੍ਹੇ। ਉਹਨਾਂ ਨੂੰ ਬਾਅਦ ਵਿਚ ਆਪਣੇ ਨਿੱਜੀ ਯਤਨਾਂ ਨਾਲ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਵਲੋਂ ਇਕ ਕਿਤਾਬ ਦੀ ਵੀ ਸ਼ਕਲ ਦਿਤੀ। ਇਹ ਲਿਖਤਾਂ ਬੜੀ ਮਹੱਤਤਾ ਵਾਲੇ ਦਸਤਾਵੇਜ਼ ਸਨ (ਹਨ)। ਇਹਨਾਂ ਵਿਚ ਸੀ. ਪੀ. ਆਈ. ਦੇ ਅਸਰ ਥਲੇ ਵਾਲੀ ਏਟਕ ਤੇ ਮਾਰਕਸੀਆਂ ਦੇ ਅਸਰ ਥਲੇ ਵਗੀ ਸੀਟੂ ਦੀਆਂ ਟਰੇਡ ਯੂਨੀਅਨ ਫਰੰਟ ਤੇ ਆਰਥਕਵਾਦ ਦੀਆਂ ਸ਼ਿਕਾਰ ਨੀਤੀਆਂ ਉਤੇ ਬੜੀ ਸਹੀ ਟਿਪਣੀ ਸੀ। ਮੈਂ ਸਮਝਦਾ ਹਾਂ ਕਿ ਜੇਕਰ ਟਰੇਡ ਯੂਨੀਅਨ ਲਹਿਰ ਉਹਨਾਂ ਨੀਤੀਆਂ ਤੇ ਨਹੀਂ ਚਲੇਗੀ, ਜਿਨਾਂ ਦੀ ਸਮਝ ਇਹਨਾਂ ਲਿਖਤਾਂ ਵਿਚ ਦਿਤੀ ਗਈ ਹੈ, ਤਾਂ ਮਜ਼ਦੂਰ ਜਮਾਤ ਕਦੀ ਵੀ ਆਪਣੀ ਇਨਕਲਾਬੀ ਭੂਮਿਕਾ ਨਹੀਂ ਨਿਭਾ ਸਕੇਗੀ। ਫੇਰ ਵੀ ਅਜ ਅੱਠ ਸਾਲਾਂ ਬਾਅਦ ਜੇਕਰ ਮੈਂ ਦੇਖਦਾ ਹਾਂ ਕਿ ਲੁਧਿਆਨਾ ਦੀ ਮਜ਼ਦੂਰ ਜਮਾਤ ਜਾਂ ਸਮੁਚੇ ਪੰਜਾਬ ਦੀ ਮਜ਼ਦੂਰ ਜਮਾਤ ਦਸਤਾਵੇਜ਼ਾਂ ਵਿਚ ਦਰਜ ਲੀਹਾਂ ਤੇ ਅਗੇ ਨਹੀਂ ਚਲ ਸਕੀ ਅਤੇ ਸਮੁੱਚੀ ਮਜ਼ਦੂਰ ਜਮਾਤ ਦੀ ਲੜਾਕੂ ਸ਼ਕਤੀ ਵਿਚ ਲੋੜੀਂਦਾ ਵਾਧਾ ਨਹੀਂ ਹੋਇਆ (ਹਾਲਾਂ ਕਿ ਹਿੰਦੋਸਤਾਨ ਦਾ ਆਰਥਕ ਸੰਕਟ ਇਸਦੀ ਵਡੀ ਮੰਗ ਕਰਦਾ ਹੈ) ਤਾਂ ਇਸਦਾ ਮਤਲਬ ਹੈ ਕਿ ਮਜ਼ਦੂਰਾਂ ਵਿਚ ਕੰਮ ਕਰਨ ਦੇ ਸਾਡੇ ਢੰਗਾਂ ਵਿਚ ਕੋਈ ਗ਼ਲਤੀ ਹੈ ਜਿਨਾਂ ਦੀ ਘੋਖ ਜ਼ਰੂਰੀ ਹੈ। ਦੂਜਿਆਂ ਉਤੇ ਇਲਜ਼ਾਮ ਦੇਕੇ ਆਪ ਸੁਰਖਰੂ ਹੋਣ ਦੀ ਰੁੱਚੀ ਇਕ ਗੈਰ ਵਿਗਿਆਨਕ ਰੁੱਚੀ ਹੈ। ਸਥਾਪਤ ਲੀਡਰਸ਼ਿਪ ਬਹੁਤ ਥਾਂ ਸੀਟੂ ਜਾਂ ਏਟਕ ਦੀ ਹੈ, ਇਹਨਾਂ ਨਾਲ ਸਾਂਝੇ ਐਕਸ਼ਨਾਂ ਵਿਚ ਸ਼ਮੂਲੀਅਤ ਸਹੀ ਸਿਆਸਤ ਵਲ ਮਜ਼ਦੂਰ ਜਮਾਤ ਨੂੰ ਲਿਆਉਣ ਵਿਚ ਬਹੁਤੀ ਸਹਾਈ ਹੋ ਸਕਦੀ ਸੀ। ਏਟਕ, ਸੀਟੂ ਅਤੇ ਖਬੀ ਧਿਰ ਦੀ ਆਪਸੀ ਬੰਬਾਰੀ ਨੇਂ ਮਜ਼ਦੂਰ ਜਮਾਤ ਦਾ ਜੋ ਨੁਕਸਾਨ 1964 ਤੋਂ ਲੈ ਕੇ ਹੁਣ ਤਕ ਕਰ ਦਿਤਾ ਹੈ, ਉਹਦਾ ਖਮਿਆਜ਼ਾਂ ਪਤਾ ਨਹੀਂ ਕਿਨੀਆਂ ਪੀੜੀਆਂ ਨੂੰ ਦੇਣਾ ਪਵੇਗਾ।

ਦੂਜੀ ਮਿਸਾਲ ਮੈਂ 'ਪਾਰਲੀਮੈਨੀ ਰਾਹ' ਦੀ ਦੇਣਾ ਹਾਂ। ਅਜ ਤੋਂ ਪੰਦਰਾਂ ਸਾਲ ਪਹਿਲਾਂ ਨਕਸਲਬਾੜੀ ਲਹਿਰ ਨੇ ਪਾਰਲੀਮੈਨੀ ਰਾਹ ਨੂੰ ਇਨਕਲਾਬ ਦਾ ਦੁਸ਼ਮਣ ਆਖਿਆ (ਅਤੇ ਉਹ ਦੁਸ਼ਮਣ ਹੈ ਵੀ) ਅਤੇ ਚੋਣਾਂ ਦੇ ਬਾਈਕਾਟ ਦੀ ਲਾਈਨ ਦਿਤੀ। ਪਰ ਜੇਕਰ 1980 ਦੀਆਂ ਚੋਣਾਂ ਦੇ ਅੰਕੜਿਆਂ ਦਾ 1952 ਜਾਂ 1957 ਦੀਆਂ ਚੋਣਾਂ ਦੇ ਅੰਕੜਿਆਂ ਨਾਲ ਮੁਕਾਬਲਾ ਕੀਤਾ ਜਾਏ ਤਾਂ ਇਹ ਦਸਦਾ ਹੈ ਕਿ 'ਭੁਗਤਨ ਵਾਲੀ ਵੋਟਾਂ ਦੀ ਫੀ ਸਦੀ' 1980 ਵਿਚ ਵੱਧੀ ਹੈ। ਸਿਆਸਤ ਤੋਂ ਏਨਾਂ ਬਦਜ਼ਨ ਹੋਣ ਤੇ ਵੀ ਜੇਕਰ ਵੋਟਾਂ ਦੀ ਇਹ ਫੀ ਸਦੀ ਵੱਧੀ ਹੈ ਤਾਂ ਇਹਦਾ ਮਤਲਬ ਸਾਫ ਹੈ ਕਿ ਅਸੀਂ ਲੋਕਾਂ ਵਿਚ ਆਪਣੀ ਗੱਲ ਨਹੀਂ ਪੁਚਾ ਸਕੇ। ਇਹ ਗੱਲ ਤਾਂ ਹੀ ਪੁਜਣੀ ਸੀ ਜੇਕਰ ਚੋਣਾਂ ਦੇ ਬਦਲ ਦੇ ਤੌਰ ਤੇ ਅਸੀਂ 'ਲੋਕ ਸੰਘਰਸ਼ਾਂ ਉਤੇ ਟੇਕ' ਵਾਲਾ ਰਾਹ ਲੋਕਾਂ ਅਗੇ ਲਿਆਂਦੇ ਤੇ ਲੋਕ ਸੰਘਰਸ਼ ਆਪਣੀ ਥਾਂ ਤੇ ਸਾਂਝੇ ਐਕਸ਼ਨਾਂ ਬਿਨਾਂ ਚਲਾਏ ਨਹੀਂ ਜਾ ਸਕਦੇ। ਇਹ ਸਾਦਾ ਜਿਹੀ ਗੱਲ ਹੈ, ਜਿਸਨੂੰ ਸਾਦਗੀ ਨਾਲ ਹੀ ਸਮਝਣਾ ਚਾਹੀਦਾ ਹੈ।

ਇਸ ਲਿਖਤ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਇਹ ਸਪਸ਼ਟ ਕਰ ਦੇਵਾਂ ਕਿ ਇਸ ਲਿਖਤ ਜਾਂ ਇਹਨਾਂ ਪਹਿਲੀਆਂ ਲਿਖਤਾਂ ਤੋਂ ਇਹ ਪ੍ਰਭਾਵ ਨਾ ਲਿਆ ਜਾਏ ਕਿ ਮੈਂ ਸੀ.ਪੀ.ਆਈ. ਜਾਂ ਸੀ.ਪੀਐਮ. ਦੀਆਂ ਕੌਮੀ ਜਾਂ ਕੌਮਾਂਤਰੀ ਨੀਤੀਆਂ ਦੀ ਹਿਮੈਤ ਕਰ ਰਿਹਾ ਹਾਂ। ਮੈਂ ਸਿਰਫ ਉਹਨਾਂ ਨੂੰ ਖੱਬੀ ਧਿਰ ਮੰਨਦਿਆਂ ਹੋਇਆ ਉਹਨਾਂ ਨਾਲ ਲੋਕ ਹਿੱਤੀ ਸੰਘਰਸ਼ਾਂ ਵਿਚ ਸਾਂਝ ਵਾਲੀ ਸੰਭਾਵਨਾ ਨੂੰ ਰੱਦ ਕਰਨ ਦੇ ਹੱਕ ਵਿਚ ਨਹੀਂ ਹਾਂ।

ਸਾਥੀ ਨੇ ਥੋੜ੍ਹੀ ਜਿਹੀ ਟਿੱਚਕਰ ਕੀਤੀ ਹੈ ਕਿ ਸੰਪਾਦਕ ਦੀ ਸ਼ਾਂਤੀ ਭੰਗ ਹੋ ਗਈ ਹੈ। ਮੈਂ ਇਸ ਟਿੱਚਕਰ ਨੂੰ ਸਵੀਕਾਰ ਕਰਦਾ ਹਾਂ। ਮੇਰੀ ਸ਼ਾਂਤੀ ਭੰਗ ਹੈ ਜਦੋਂ ਮੈਂ ਵੇਖਦਾ ਹਾਂ ਕਿ ਏਨੀਆਂ ਕੁਰਬਾਨੀਆਂ ਦੇ ਬਾਅਦ ਵੀ ਤੇ ਏਨਾ ਆਪਾ ਵਾਰ ਕੈਡਰ ਹੋਣ ਤੇ ਵੀ ਲਹਿਰ ਦੀ ਨੀਤੀਆਂ ਲੋਕਾਂ ਤਕ ਨਹੀਂ ਪੁੱਜ ਰਹੀਆਂ ਜਾਂ ਉਹਨਾਂ ਦੇ ਸਿਰਾਂ ਦੇ ਉਤੋਂ ਦੀ ਲੰਘ ਰਹੀਆਂ ਹਨ। ਇਹ ਕਰਨ ਲਈ ਮੈਨੂੰ ਵਿਸ਼ਾਲ ਲੋਕ ਘੋਲਾਂ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਦਿਸਦਾ ਤੇ ਲੋਕ ਘੋਲ ਸਾਂਝ ਵਾਲੀ ਪਹੁੰਚ ਆਪਣਾਏ ਬਿਨਾਂ ਕਦੀ ਵੀ ਅਗੇ ਨਹੀਂ ਵੱਧ ਸਕਦੇ। ਸਾਥੀ ਦਲਜੀਤ ਦੇ ਦਿਤੇ ਚਾਰ ਨੁਕਤਿਆਂ ਵਿਚੋਂ ਪਹਿਲਾ ਨੁਕਤਾ ਉਨ੍ਹਾਂ ਦੇ ਆਪਣੇ ਕਹਿਣ ਦੇ ਮੁਤਾਬਿਕ ਹਾਲੀ ਦੂਰ ਦੀ ਗੱਲ ਹੈ ਪਰ ਬਾਕੀ ਤਿੰਨ ਨੁਕਤੇ ਜ਼ਰੂਰ ਆਧਾਰ ਬਣਦੇ ਹਨ ਤੇ ਸਾਰੇ ਲੋਕ ਹਿਤੈਸ਼ੀ ਸਾਥੀਆਂ ਦਾ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਫਰਜ਼ ਬਣਦਾ ਹੈ।

—ਗੁਰਸ਼ਰਨ ਸਿੰਘ

## ਸਾਡਾ ਇਕ ਗਵਾਹ

o

### ਪ੍ਰੀਤਮ ਬੇਲੀ

ਸਵੇਰ ਸਾਰ ਨਮਸਕਾਰ ਕਰਦੇ ਹਾਂ,
ਸੂਰਜ ਜਾਗੇ !
ਸਾਗਰ ਨੂੰ ਨਮਸਕਾਰ ਕਰਦੇ ਹਾਂ,
ਬੇੜੇ ਜਾਗਣ !
ਧਰਤੀ ਨੂੰ ਨਮਸਕਾਰ ਕਰਦੇ ਹਾਂ,
ਸਿਆੜ ਜਾਗਣ !

ਸਿਆੜਾਂ ਦੇ ਮਾਲਕ
ਫ਼ਸਲਾਂ ਲੈ ਜਾਂਦੇ ਨੇ,
ਸਖਣੇ ਹੱਥ ਸਾਡੇ ਹਿੱਸੇ ।
ਫ਼ਸਲਾਂ ਦੇ ਮਾਲਕ
ਕੋਠੇ ਭਰ ਲੈਂਦੇ ਨੇ,
ਖਾਲੀ ਠੂਠੇ ਸਾਡੇ ਹਿੱਸੇ ।

ਸੂਰਜ—
ਸਿਆੜਾਂ ਨੂੰ ਗਿਣ ਕੇ
ਲੰਘ ਜਾਂਦੇ ਏ
ਸਾਡੀ ਗੁਆਚੀ ਮਿਹਨਤ ਦਾ ਗਵਾਹ ਬਣ ਕੇ !

ਬਗਾਨੇ ਬੇੜਿਆਂ ਵਿਚ
ਮੱਛੀਆਂ ਦਾ ਧਨ ਲੈ ਕੇ
ਜਦ ਆਂਦੇ ਹਾਂ,
ਬੇੜਿਆਂ ਦੇ ਮਾਲਕ,
ਸਾਡੀ ਮਿਹਨਤ ਦੇ ਸੌਦਾਗਰ,
ਮੱਛੀਆਂ ਲੈ ਜਾਂਦੇ ਨੇ—
ਸਾਡੀ ਮਿਹਨਤ ਦਾ ਮੱਚ ਬੁਝਾਂਦੇ ਨੇ ।

ਤੇ ਅਸੀਂ—
ਸਾਗਰ ਕੰਢੇ ਬੈਠੇ
ਪੋਲੀਆਂ ਸਿੱਧੀਆਂ ਖੜਕਾਂਦੇ ਹਾਂ,
ਗੁਆਚੀ ਮਿਹਨਤ ਦਾ
ਕੋਈ ਸੋਗ-ਗੀਤ ਗਾਂਦੇ ਹਾਂ,
ਖਾਲੀ ਹੱਥਾਂ ਦੀਆਂ
ਖੜਤਾਲਾਂ ਵਜਾਂਦੇ ਹਾਂ !

ਤੇ ਸੂਰਜ ਡੁੱਬ ਜਾਂਦਾ ਏ
ਦਿਨ ਦਾ ਦੀਵਾ ਬੁਝਾ ਕੇ !

ਧਰਤੀ 'ਤੇ
ਸਿਆੜਾਂ ਦੇ ਰੰਗ
ਲੋਹ-ਲਾਖੇ ਹੋਣ ਗੇ ਕਦੇ !
ਸਾਗਰ ਦੇ ਨੀਰ-ਸਿਆੜਾਂ ਵਿਚ
ਸਾਡੀ ਹੋਂਦ ਦੇ ਬੇੜੇ
ਚਲਣ ਗੇ ਕਦੇ ।

ਤੇ ਫਿਰ—
ਸਵੇਰ ਦਾ ਸੂਰਜ ਉੱਗੇ ਗਾ
ਸਾਨੂੰ ਨਮਸਕਾਰ ਕਰ ਕੇ,
ਸਾਂਝ ਦਾ ਸੂਰਜ ਜਾਏ ਗਾ
ਫਿਰ ਆਉਣ ਦਾ ਵਾਅਦਾ ਕਰ ਕੇ,

ਹੋਂਦ ਦੀ ਕਚਹਿਰੀ ਵਿਚ
ਸੂਰਜ ਵੀ ਤਾਂ ਹੈ
ਸਾਡੀ ਜੁਗਾਂ ਦੀ
ਹੋਂਦ-ਅਨਹੋਂਦ ਦਾ ਇਕ ਗਵਾਹ !

o

## ਇੱਕ ਪੋਰਟਰੇਟ

o

### ਦਰਸ਼ਨ ਦਰਵੇਸ਼

ਦੇਸੋਂ ਬਾਹਰ ਵਸਦਿਆ ਮਿੱਤਰਾ—
ਪਹਿਲੇ ਵਾਲੇ ਖਤਾਂ ਵਾਂਗ ਹੀ
ਤੇਰੀ ਅੱਜ ਇਕ ਹੋਰ ਚਿੱਠੀ ਆਈ ਐ;
ਤੇ ਤੈਂ ਫੇਰ ਉਸ ਵਿੱਚ
ਪਿੰਡ ਦੇ ਹਾਲ-ਚਾਲ ਦੀ ਰੱਟ ਲਾਈ ਐ ।
ਤਾਂ ਮਸਾਂ ਕਿਤੇ
ਅਜਨਬੀ ਪਲਾਂ ਨਾਲ ਸਮਝੌਤਾ ਕਰਕੇ
ਤੇਰੇ ਖ਼ਤ ਦਾ ਜੁਆਬ ਦੇਣ ਲੱਗਿਆਂ ।

ਪਿੰਡ ਦੇ ਸਿਰ ਤੇ ਨਕਦਾ ਮੌਸਮ
ਬਹੁਤ ਅਜਨਬੀ ਹੋ ਗਿਐ—
ਉਂਝ, ਜਿਵੇਂ ਪਿੰਡ ਦਾ ਕੁੱਝ ਵੀ ਨਹੀਂ ਬਦਲਿਆ :
ਮਦਨੇ ਬਾਣੀਏ ਨੇ
ਦਿਨਾਂ ਵਿੱਚ ਹੀ ਉਹ ਛੋਟੀ ਜਿਹੀ ਦੁਕਾਨ ਚੁੱਕਕੇ
'ਥਾਈ ਦੀ ਵੱਡੀ ਬੈਠਕ ਨਵੇਂ ਸਮਾਨ ਨਾਲ ਭਰ ਲਈ ਐ
ਪਰ ਉਹਦੇ ਦੋਵੇਂ ਛੋਟੇ ਜੁਆਕ
ਟਾਕੀਆਂ ਵਾਲੇ ਕੱਪੜੇ ਅਤੇ
ਗੰਡੀਆਂ ਚੱਪਲਾਂ ਪਾਕੇ ਸਕੂਲ ਜਾਂਦੇ ਨੇ ।
ਗੀਲਾ ਮਜਬ੍ਹੀ ਸੀ ਨਾ—ਲੱਛੋ ਦਾ ਪਿਓ,

(ਜੀਹਦੇ ਨਾਲ ਆਪਾਂ ਛੋਟੇ ਹੁੰਦੇ ਖੇਡਦੇ ਹੁੰਦੇ ਸੀ)
ਉਹ ਕੁੜੀ ਦਿਨਾਂ ਵਿਚ ਹੀ
ਭਰ ਜੋਬਨ ਮੁਖਿਆਰ ਹੋ ਗਈ ਐ
ਤੇ ਗੀਲਾ ਅਜੇ ਵੀ
ਬਿਲਾਸ ਪੁਰੀਏ ਸਰਦਾਰਾਂ ਨਾਲ ਸੀਰੀ ਐ
ਲੱਛੋ ਦੀ ਮਾਂ ਪਿਛਲੇ ਸਾਲ ਮਰ ਗਈ !
ਤਾਂ ਜਿਵੇਂ ਉਹਦੀ ਦੁਪਹਿਰੇ
ਚਰਖਾ ਕੱਤਣ ਦੀ ਉਮਰ ਨੂੰ ਕੋਈ ਜ਼ਰ ਲੱਗ ਗਈ.
ਤੇ ਲੱਛੋ ਦੀ ਪੀਂਘ ਦੀਆਂ ਰੱਸੀਆਂ
ਪਿੱਪਲ ਤੇ ਪਾਉਣ ਤੋਂ ਪਹਿਲਾਂ ਹੀ ਟੁੱਟ ਗਈ ਆ;
ਤੇ ਗੀਲੇ ਨੇ ਉਹਨੂੰ ਵੀ
ਸਰਦਾਰਾਂ ਦੇ ਗੋਹਾ ਕੂੜਾ ਕਰਨ ਲਾ ਦਿੱਤਾ ।

ਚਿਹਰੇ ਤੇ ਫਿਰੀ ਚਾਨਣੀ ਵਰਗਿਆ ਮਿੱਤਰਾਂ—
ਉਦੋਂ ਤਾਂ ਏਨੀ ਨਹੀਂ ਸੀ,
ਪਰ ਅੱਜ ਕੱਲ ਸਰਦਾਰ ਨੇ ਉਤੇ ਤਾਈ ਪਹੁੰਚ ਬਣਾਕੇ
ਕਾਲੀ ਨਾਹਾਣੀ ਦਾ ਛਿੜਕਾ ਆਪਣੇਂ ਘਰੇ ਕੀਤਾ ਹੋਇਐ
ਰੋਜ਼ਾਨਾ ਕਾਰਾਂ ਦੀ ਪਾਂ-ਪਾਂ
ਉਹਦੇ ਦਰਾਂ ਮੂਹਰੇ ਵਿਲਕਦੀ ਐ
ਅਤੇ ਉਹ ਵੇਲੇ ਕੁਵੇਲੈ
ਗੁਰਦੁਆਰੈ ਦੇ ਮਗਰਲੇ ਪਾਸੇ ਜਾਕੇ
ਪਿੰਡ ਦੀ ਮੁੰਡੀਹਰ ਨੂੰ ਕਿੰਨੀ 2 ਨਾਰਾਣੀ
ਮੁਫ਼ਤ ਫੜਾ ਆਉਂਦੈ
ਤੇ ਸੱਥ 'ਚ ਬਹਿਕੇ
ਅਣਖ ਦੀਆਂ ਡੀਂਗਾਂ ਮਾਰਨ ਵਾਲੀ ਮੁੰਡੀਹਰ
ਉੱਥੇ ਆਕੇ ਜ਼ਰੂਰ ਲਾਲਾਂ ਸਿੱਟ ਲੈਂਦੀ ਐ ।
ਵੀਰਿਆ ! ਤੂੰ ਹੁੰਦਾ ਸੀ
ਸਵੇਰੇ 2 ਬਲਦਾਂ ਦੀਆਂ
ਟੱਲੀਆਂ ਦੀਆ ਟੁਣਕਾਰਾਂ ਪੈਂਦੀਆਂ ਸਨ
ਪਰ ਨਹੀਂ,
ਹੁਣ ਕੋਈ ਗੱਭਰੂ ਜਿਵੇਂ ਪਿੰਡ ਵਿੱਚ ਦਿਸਦਾ ਈ ਨਹੀਂ
ਫ਼ਸਲਾਂ ਜੰਮਦੀਆਂ ਹੀ ਪੀਲੀਆਂ ਪੈ ਜਾਂਦੀਆਂ ਨੇ
ਬਲਦਾਂ ਦੇ ਕੰਨਿਆਂ ਤੋਂ
ਮੱਖੀਆਂ ਉਡਾਉਣ ਦੀ ਹਿੰਮਤ ਕਿਸੇ ਵਿਚ ਨਹੀਂ ਰਹੀ
ਘਿਉ ਦੀਆਂ ਦੋ ਘੁੱਟਾਂ ਭਰਨ ਬਾਅਦ
ਖੱਟੇ ਡਕਾਰ ਆਉਣੇ ਸ਼ੁਰੂ ਹੋ ਜਾਂਦੇ ਨੇ ।
ਦੁੱਧ ਦੇ ਗਿਲਾਸ ਤੇ ਮਲਾਈ ਵੇਖਕੇ
ਜੀਅ ਕੱਚਾ ਹੋਣ ਲੱਗ ਪੈਂਦੈ ।

ਚਮਿਆਰਾਂ ਦਾ ਸੀਤਾ ਸੀ ਨਾਂ ?
ਵੱਡੀ ਧੀ ਬੂਹਿਓਂ ਉਠਾਕੇ ਗਰਕ ਹੋਇਐ ਫਿਰਦੈ ।
ਉਦੋਂ ਤਾਂ ਚੁੱਕ 'ਚ ਆਕੇ ਕੁੜੀ ਨੂੰ ਸਕੂਟਰ ਦੇਤਾ,
ਤੇ ਹੁਣ ਜਦੋਂ ਆਥਣ ਨੂੰ ਰੋਟੀ ਨੀ ਜੁੜਦੀ
ਕੋਠੇ ਚੜਕੇ ਭੁੱਬੇ ਮਾਰ ਮਾਰ ਰੋਂਦੈ
ਤੇ ਪਿੰਡ ਦੇ ਜੱਟਾਂ ਦੇ ਕਾਮੇ ਪੁੱਤ
ਉਹਦੀ ਛੋਟੀ ਕੁੜੀ ਦੇ ਸਿਰ ਤੋਂ
ਲੰਘੀ ਪੌਣ ਤੇ ਲਾਲਾਂ ਸੁੱਟਕੇ
ਕਿੰਨੇ 2 ਜਣੇ ਆਥਣੇ ਉਹਦੇ ਘਰ ਆ ਖੜਦੇ ਨੇ
ਕਿ ਉਹ ਤਾਂ ਸੀਤੇ ਦੇ ਦੋਹਾਂ ਮੁੰਡਿਆਂ ਨੂੰ
ਹਾੜੀ ਵਾਸਤੇ ਦਿਹਾੜੀਏ ਕਰਨ ਆਏ ਨੇ
ਅਤੇ ਧਾਲੀਵਾਲਾਂ ਦੇ ਕਰਤਾਰ ਦਾ ਮੁੰਡਾ ਤਾਂ
ਸੀਤੇ ਦੇ ਮੁੰਡਿਆਂ ਨਾਲ ਦਾਰੂ ਵੀ ਆਮ ਪੀਂਦੈ ।

ਕੱਚੀ ਮਹਿੰਦੀ ਵਰਗਿਆ ਵੀਰਾ—
ਉਹ ਜੰਗੀਰ ਸਿਉਂ ਕਾਮਰੇਡ ਐ ਨਾਂ ?
ਉਹਨੇ ਕਿਤੇ ਜਲਸੇ 'ਚ ਕਹਿਤਾ
—ਬਈ ਸਰਦਾਰ ਤਾਂ ਪਿੰਡ ਦੀਆਂ ਪਿੰਜਣੀਆਂ
ਨੂੰ ਜੋਕ ਬਣਕੇ ਚਿੰਬੜਿਐ
ਬੱਸ ਫੇਰ ਕੀ ਸੀ—
ਅਗਲੇ ਦਿਨ ਹੀ ਕਾਮਰੇਡ ਦੇ ਛੋਟੇ ਭਾਈ ਨੂੰ
ਕਾਲਜ ਜਾਂਦੇ ਨੂੰ ਪੁਲਸ ਨੂੰ ਫੜਾਤਾ
—ਅਖੇ, ਇਹ ਤਾਂ ਨਕਸਲਬਾੜੀਐ ।
—ਲੋਕਾਂ ਨੂੰ ਗੁਮਰਾਹ ਕਰਦੈ
ਵੋਟਾਂ 'ਚ ਵੀ ਕਾਮਰੇਡ ਨੂੰ ਐਤਕੀ ਜਮਾਂ ਖੂੰਜੇ ਲਾਤਾ
ਸਰਦਾਰ ਨੇ ਸਾਰੇ ਵਿਹੜੇ 'ਚ ਦਾਣੇ ਵੰਡੇ
ਤੇ ਸਾਰੇ ਵਿਹੜੇ ਵਾਲਿਆਂ ਨੂੰ ਆਪਣੇ ਵੱਲ ਭੁਗਤਾ ਲਿਆ ।

ਪਿੰਡ ਦੀ ਸਰਪੰਚੀ ਵੀ
ਐਤਕੀ ਢਿੱਲੋਆਂ ਦੇ ਪ੍ਰੀਤ ਕੋਲ ਐ—
ਜੀਹਨੇ ਪਿਛਲੇ ਸਾਲ
ਸਿਖਰ ਦੁਪਹਿਰੇ
ਚੰਨਣ ਬੋਰੀ ਦੀ ਕੁੜੀ ਨੂੰ
ਇੱਖ 'ਚ ਖਿੱਚ ਲਿਆ ਸੀ ।
ਅਤੇ ਪੰਚਾਇਤ ਦੀ ਇਸਤਰੀ ਮੈਂਬਰ ਵੀ
ਐਤਕੀ ਉਸੇ ਜਗੀਰੋ ਨੈਣ ਨੂੰ ਬਣਾਇਐਂ,
ਜਿਹੜੀ ਤੇਰੇ ਵੇਲੇ ਵੀ
ਕਿੰਨੀਆਂ ਕਿੰਨੀਆਂ ਰਾਤਾਂ
ਲਗਾਤਾਰ ਠਾਣੇ ਕੱਟਦੀ ਹੁੰਦੀ ਸੀ ।
ਤੇ ਪਿੰਡ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਲੈਕੇ—
ਐਮ. ਐਲ. ਏ. ਦੀ ਕੋਠੀ ਰਾਤਾਂ ਕੱਟਣ ਲੱਗ ਪਈ ਸੀ
ਕਿ ਉਹ ਕੁੜੀਆਂ ਦੀਆਂ ਸਿਫ਼ਾਰਸ਼ਾਂ ਲਾਂਉਂਦੀ ਐ;
ਜਿਹੜੀਆਂ ਦਿਨੇ ਨਹੀਂ, ਕਾਲੀ ਬੋਲੀ ਰਾਤ ਦੇ
ਸਨਾਟੇ ਵਿਚ ਲਗਦੀਆਂ ਨੇ !

ਲਗਰ ਜਿਹੇ ਵਿਸ਼ਵਾਸ ਵਰਗਿਆ ਯਾਰਾ—
ਓਂ ਪਿੰਡ ਦੇ ਹਾਣੀਆਂ ਬਾਰੇ ਪੁੱਛਿਐ;
ਅੱਗੇ ਵੀ ਤਾਂ ਕਿੰਨਾਂ ਕੁੱਝ ਲਿਖ ਚੁੱਕਾਂ—
ਛੇ ਮਹੀਨੇ ਹੋਗੇ,
ਔਲਖਾਂ ਦੇ ਸ਼ਿੰਦਰ ਨੂੰ ਪੁਲਸ ਫੜਕੇ ਲੈ ਗਈ ਸੀ
ਅਖੇ; ਇਹ ਪਿੰਡ ਦੇ ਮੁੰਡਿਆਂ ਨੂੰ
ਕੱਠੇ ਕਰਕੇ ਸਰਕਾਰ ਦੇ ਵਿਰੁੱਧ ਬੋਲਦੈ
ਪਰ ਅੱਜ ਤੱਕ ਉਸਦਾ ਇਹ ਪਤਾ ਨਹੀਂ ਲੱਗਾ
ਉਹ ਕਿੱਥੇ ਹੈ ? ਕਿਸ ਠਾਣੇ 'ਚ ਐ ? ਕਿਸ ਜੇਲ੍ਹ 'ਚ ਐ ?
ਹੋਰ ਤੇਰੇ ਤੇ ਮੇਰੇ ਹਾਣੀਆਂ ਬਾਰੇ ਕੀ ਦੱਸਾਂ ?
ਚੰਦਰੇ ਝੋਰਿਆਂ ਦੇ ਗੁਲਾਮ ਹੋਕੇ
ਸਭ ਸਰਦਾਰ ਦੀ ਨਾਹਾਣੀ ਦਾ
ਅਤੇ ਮਦਨੇ ਬਾਣੀਏ ਤੋਂ ਲੈਕੇ ਖਾਧੇ
ਪੀਲੇ ਲਗੜਾਂ ਦਾ ਪੰਜਾਲਾ
ਧੌਣ ਤੇ ਰਖਾਈ ਫਿਰਦੇ ਨੇ ।
ਅਤੇ ਬਾਪੂਆਂ ਨਾਲ ਸਲਾਹਾਂ ਕਰਕੇ
ਸਾਰੀ ਦੀ ਸਾਰੀ ਜ਼ਮੀਨ
ਹਿੱਸੇ ਜਾਂ ਠੇਕੇ ਤੇ ਸਰਦਾਰ ਕੋਲ ਰੱਖੀ ਜਾਂਦੇ ਨੇ
ਉਹਨਾਂ ਬਲਦਾਂ ਨੂੰ ਨੇੜੇ ਦੀਆਂ
ਮੰਡੀਆਂ ਤੇ ਵੇਚੀ ਜਾਂਦੇ ਨੇ
ਕਦੇ ਜਿੰਨਾਂ ਦੇ ਗਲਾਂ ਵਿਚ
ਘੁੰਗਰਾਲਾਂ ਪਾਉਣੋਂ ਨਹੀਂ ਸੀ ਥੱਕਦੇ ਹੁੰਦੇ,
ਅਤੇ ਉਹਨਾਂ ਦੀ ਨੱਥ ਤੇ ਗੁਲਾਬੀ
ਫੁੱਲ ਟੰਗਣੋਂ ਨਹੀਂ ਸੀ ਅੱਕਦੇ ਹੁੰਦੇ

ਸ਼ਿੰਦਰ ਵਾਂਗੂੰ
ਇਕ ਵਾਰੀ ਨਿਰਮਲ ਮਗਰ ਵੀ ਪੁਲਸ ਪਈ ਸੀ ।
ਪਰ ਉਹ ਤਾਂ ਉਦੂੰ ਅਗਲੇ ਦਿਨ ਹੀ
ਲੁਧਿਆਣੇ ਜਾ ਵੜਿਆ
ਹੁਣ ਤਾਂ ਉਹਦੇ ਨਾਲ ਇਕ ਸੋਹਣੀ ਜਿਹੀ ਕੁੜੀ,
ਤੂੰਬੀ ਤੇ ਢੋਲਕੀ ਵਾਲੇ ਹੁੰਦੇ ਨੇ ।
ਅੱਗੇ ਉਹ ਉਦਾਸ ਰਾਤ ਵਿਚ ਜੋੜੇ ਪੁਲਾਂ ਤੇ ਬਹਿਕੇ
ਮਿੱਠੀ 2 ਧੁਨ 'ਚ ਕੋਈ ਉਨ੍ਹਾਬੀ ਜਿਹਾ
ਗੀਤ ਗਾਇਆ ਕਰਦਾ ਸੀ ।
ਪਰ ਹੁਣ ਤਾਂ ਉਹਦੇ ਗੀਤ ਚਿੱਟੇ ਦਿਨ
ਗਲੀਆਂ 'ਚ ਲਲਕਾਰੇ ਮਾਰਦੇ ਨੇ ।
ਪਿੰਡ ਦੀਆਂ ਭਰ ਜੋਬਨ ਕੁੜੀਆਂ ਨੂੰ
ਗੁਹਾਰਿਆਂ ਉਹਲੇ ਲੁਕਣ ਦੀ ਜਾਚ ਸਿਖਾਉਂਦੇ ਨੇ ।
ਬੇ-ਗੁਨਾਹਾਂ ਅੱਖੀਆਂ ਨੂੰ
ਗੁਨਾਹਾਂ ਦਾ ਸੂਟ ਪਹਿਨਣ ਦਾ ਵੱਲ ਦੱਸਦੇ ਨੇ ।
ਪਰ ਤੇਰਾ ਪਿੰਡ ਮੋਨ ਧਾਰੀ ਬੈਠੇ
ਕਿਸੇ ਗੋਰੇ-ਚਿੱਟੇ ਰੱਬ ਨੂੰ ਢੂੰਡਣ ਦੀ ਤਲਾਸ਼ ਵਿਚ
ਕਿਉਂਕਿ, ਇਥੋਂ ਦੀ ਸਰਪੰਚੀ ਨੇ
ਇਹਨਾਂ ਗੀਤਾਂ ਅੱਗੇ ਮਿੱਠੇ ਗੁਲਗੁਲਿਆਂ ਦੀ
ਟੋਕਰੀ ਰੱਖੀ ਹੋਈ ਹੈ—
ਅਤੇ ਸੂਰਜਾਂ ਦਾ ਮੋਹ ਪਾਲਣ ਵਾਲੇ ਸ਼ਿੰਦਰ ਤੇ
ਤੇਜ਼ਾਬੀ ਬੈਰਕਾਂ ਦੇ ਨਿਸ਼ਾਨਾਂ ਦੀ
ਗਵਾਹੀ ਭਰਵਾ ਦਿੱਤੀ ਐ ।

ਕੱਚੀ ਗੁਲਾਲੀ ਵਰਗਿਆ ਵੀਰਾ
ਹੋਰ ਕੀ ਲਿਖਾਂ ? ਬਹੁਤ ਲਿਖ ਦਿੱਤਾ ਹੈ
ਤੇ ਸੱਚ ਤੂੰ ਲਿਖਿਆ—
ਕਿ ਤੂੰ ਛੇਤੀ ਹੀ ਮੇਰੇ ਕੋਲ ਆ ਰਿਹੈਂ—
—ਆ ਜਾਈਂ ।
ਤੈਨੂੰ ਪਿੰਡ ਵੜਦਿਆਂ ਹੀ ਦਿਖਾ ਦੇਵਾਂਗਾ ।
ਪਿੰਡ ਦੇ ਸਿਰ ਤੇ ਨੱਚਦਾ ਮੌਸਮ
ਬਹੁਤ ਹੀ ਅਜਨਬੀ ਹੋ ਗਿਐ—
ਉਂਝ ਇਉਂ ਪਤਾ ਨਹੀਂ ਕਿਉਂ ਲਗਦੈ,
ਜਿਵੇਂ ਪਿੰਡ ਦਾ ਕੁੱਝ ਵੀ ਨਹੀਂ ਬਦਲਿਆ ..!!!
o

## *ਲਾਸ਼ਾਂ*

o

## ਹਮਦਰਦਵੀਰ ਨੌਸ਼ਹਿਰਵੀ

ਰੋਜ਼ ਅਖ਼ਬਾਰ ਵਿਚ ਇਕ ਖ਼ਬਰ ਛਪਦੀ ਹੈ :
ਮਰ ਗਿਆਂ ਦੀ ਸੂਚੀ,
ਜ਼ਖਮੀਆਂ ਦੀ ਸੂਚੀ,
ਗੁਮਸ਼ੁਦਾ ਦੀ ਸੂਚੀ,
ਬਲਾਤਕਾਰ ਹੋਈਆਂ ਇਸਤਰੀਆਂ ਦੀ ਸੂਚੀ,
ਅਗਵਾਹ ਹੋਏ ਬੱਚਿਆਂ ਦੀ ਸੂਚੀ ।
ਹਰ ਰੋਜ਼ ਸਾਡੇ ਆਸੇ ਪਾਸੇ
ਕੋਈ ਵਾਕਫਕਾਰ ਚਿਹਰਾ ਸੜ ਮਰਦਾ ਹੈ
ਆਤਮਹਤਿਆ ਕਰ ਮਰਦਾ ਹੈ ।

ਦਰਾਮਦ ਕੀਤੀ ਹੋਈ
ਚਿੱਟੀ ਚਾਦਰ ਹੇਠਾਂ ਲਾਸ਼ਾਂ ਹਨ—
ਲਾਸ਼ਾਂ—ਨਿਰਜਿੰਦ ਤੇ ਸਹਿਕਦੀਆਂ
ਲਾਸ਼ਾਂ—ਕੁੜੀਆਂ ਤੇ ਇਸਤਰੀਆਂ ਦੀਆਂ
ਲਾਸ਼ਾਂ—ਬਚਿਆਂ ਤੇ ਬੁਢਿਆਂ ਦੀਆਂ
ਲਾਸ਼ਾਂ—ਬੇਘਰਾਂ ਤੇ ਬੇਕਾਰਾਂ ਦੀਆਂ
ਲਾਸ਼ਾਂ—ਗਰੀਬਾਂ ਤੇ ਲਾਚਾਰਾ ਦੀਆਂ
ਜਲਿਆਂਵਾਲਾ ਬਾਗ ਤੋਂ ਲੈ ਕੇ
ਸਿੰਘ ਭੂਮ ਤੇ ਸ੍ਰੀ ਕਾਕੂਲਮ ਤਕ ਲਾਸ਼ਾਂ ।
ਹਾਦਸਾ ਬਲੈਕ ਹੋਲ ਤੋਂ ਲੈ ਕੇ
ਬੇਲਚੀ ਤੇ ਡਿਓਲੀ ਤਕ ਲਾਸ਼ਾਂ ।

ਲਾਸ਼ਾਂ ਦੀ ਅਸਲ ਗਿਣਤੀ ਨਹੀਂ ਹੋ ਸਕੀ,
ਗਿਣਤੀ ਰੋਜ਼ ਵਧਦੀ ਹੈ ।
ਚਿੱਟੀ ਮੈਲੀ ਚਾਦਰ ਹੇਠਾਂ ਲਾਸ਼ਾਂ ਹਨ ।

ਪਰਸੋਂ ਦੀ ਘਟਨਾ ਬਾਗਪਤ ਸੀ
ਕਲ ਦੀ ਘਟਨਾ ਨਰਾਇਣਪੁਰ ਸੀ
ਅਜ ਦੀ ਘਟਨਾ ਕੁਤਬ ਮੀਨਾਰ ਹੈ ।
ਫਟੀਆਂ ਕਿਤਾਬਾਂ—
ਅਧੂਰੀ ਦਾਸਤਾਂ ।
ਪਾਟੀਆਂ ਕਮੀਜ਼ਾਂ,
ਲੰਗਾਰੀ ਆਤਮਾ ।
ਡਿਗੀਆਂ ਪੱਗਾਂ,
ਗਈਆਂ ਇੱਜ਼ਤਾਂ
ਟੁੱਟੀਆਂ ਚਪਲਾਂ,
ਖਲੋਤੇ ਰਸਤੇ ।

ਸਾਹਮਣੇ ਨੇਤਾਵਾਂ ਦਾ ਗਰੋਹ
ਪਿਛੇ ਹਾਰਾਂ ਦਾ ਗਰੋਹ
ਪਿਛੇ ਫੋਟੋਕਾਰਾਂ ਦਾ ਗਰੋਹ
ਪਿਛੇ ਨੌਕਰਾਂ ਦਾ ਗਿਰੋਹ
ਪਿਛੇ ਕਾਰਾਂ ਦਾ ਗਰੋਹ ।
ਅਫਸਰ ਚਾਦਰ ਦੀ ਕੰਨੀ ਚੁਕੀ ਖੜੇ
ਲੀਡਰ (ਵਿਰੋਧੀ ਵੀ ਤੇ ਸਰਕਾਰੀ ਵੀ)
ਲਾਸ਼ਾਂ ਨਾਲ ਢੁਕ ਢੁਕ ਖੜੇ
ਚਿਹਰੇ ਉਤੇ ਸੋਗ ਦਾ ਮਖੌਟਾ
ਦਿਲ ਵਿਚ ਅਖਬਾਰ ਦੀ ਸੁਰਖੀ ਦਾ ਖਿਆਲ
ਹਥ ਲਾਸ਼ਾਂ ਵਲ
ਅੱਖ ਕੈਮਰੇ ਵਲ ।
ਦੂਰਦਰਸ਼ਨ ਲਈ ਓਹੋ
ਰੋਜ਼ ਕਹੇ ਜਾਣ ਵਾਲੇ ਚਗਲੇ ਸ਼ਬਦ—
ਪਰਵਾਰ ਨਾਲ ਹਮਦਰਦੀ
ਘਟਨਾ ਦੀ ਅਦਾਲਤੀ ਪੜਤਾਲ ।
ਸਰਕਾਰੀ ਫੰਡਾਂ ਵਿਚੋਂ
ਛਣਕਾ ਛਣਕਾ ਕੁਝ ਸਿੱਕਿਆਂ ਦਾ ਐਲਾਨ ।
ਅਲੀਗੜ ਉਪਰ ਚੇਪੀ ਬੰਗਲੌਰ ਦੀ
ਬੰਗਲੌਰ ਉੱਪਰ ਚੇਪੀ ਕੁਤਬ ਮੀਨਾਰ ਦੀ
ਮਰ ਗਿਆਂ ਲਈ ਹਮਦਰਦੀ
ਅਖਬਾਰਾਂ ਲਈ ਛਪੇ ਛਪਾਏ ਬਿਆਨ ।

ਸੜਕੋਂ ਪਾਰ ਹਜੂਮ ਲੋਕਾਂ ਦਾ
ਝੁੰਡ ਡੰਗਰਾਂ ਦਾ ।
ਬੁਝੇ ਬਲਬਾਂ ਵਾਲੇ ਖੰਭੇ
(ਸੰਕਟ ਹੈ, ਬਿਜਲੀ ਦਾ ਸੰਕਟ ਹੈ)
ਹੇਠਾਂ ਖੜੇ ਬੁਝੇ ਮਨਾ ਵਾਲੇ ਬੰਦੇ
(ਸੰਕਟ ਹੈ, ਬੇਕਾਰੀ ਦਾ ਸੰਕਟ ਹੈ)
ਮੌਨ ਖੜੇ ਹਨ ਖੰਭੇ ਤੇ ਬੰਦੇ
ਬੰਦੇ-ਜਿਹਨਾਂ ਦੇ ਚਿਹਰਿਆਂ ਉਤੇ
ਕੋਈ ਰੰਗ ਹੀ ਨਹੀਂ
ਨਾ ਖੁਸ਼ੀ ਦਾ
ਨਾ ਗਮੀ ਦਾ ।
ਔੜ ਮਾਰੀ ਧਰਤੀ ਵਾਂਗ
ਫਟੇ ਫਟੇ ਨਿਰਾਸ਼ ਚਿਹਰੇ
ਪਥਰਾਈ ਭੁੱਖੀ ਨਿਗਾਹ
(ਪੀ.ਐਲ. 480 ਤੇ ਮੁਦਰਾ ਫੰਡ ਖਾਕੇ
ਮਿਟੀ ਨਹੀਂ ਭੁੱਖ ਅਜ਼ਲਾਂ ਦੀ)

ਤੁਰਦਾ ਤੁਰਦਾ ਆਣ ਪਹੁੰਚਿਆ ਹੈ
ਇਕ ਲੋਕ-ਕਵੀ
ਬੇਪਰਵਾਹ ਤੇ ਬੇਗਰਜ਼—
ਤੇ ਪੱਥਰ ਦੇ ਮੀਨਾਰ
ਪੱਥਰ ਹੀ ਰਿਹਾ ਤੂੰ
ਬੀਤੇ ਅਠ ਸੌ ਸਾਲ ।
ਬਨਵਾਸੀ ਤੂੰ ਸਾਡੀ ਖੁਦੀ ਦਾ ਆਕਾਰ
ਸਾਡੀਆਂ ਮਿਹਨਤਾਂ ਦਾ ਪਹਿਰੇਦਾਰ
ਸਾਡੀ ਮਾਣਮਤੀ ਧੌਣ ਦੀ ਉਚਾਣ
ਸਾਡੀ ਖੁਸ਼ਹਾਲੀ ਦਾ ਹਾਣ
ਬਨਵਾਸੀ ਤੂੰ ਚਿੰਨ੍ਹ ਸਾਡੀਆਂ ਬੁਲੰਦੀਆਂ ਦਾ
ਬਣਿਆਂ ਤੂੰ ਸਾਧਨ ਖੁਦਕਸ਼ੀਆਂ ਦਾ ।
ਬਨਵਾਸੀ ਤੂੰ ਰੌਸ਼ਨੀ ਮੀਨਾਰ
ਬਣਿਆ ਤੂੰ ਲਾਸ਼ਾਂ ਦਾ ਅੰਬਾਰ ।
ਇਸ ਚਾਦਰ ਹੇਠਾਂ ਇਕ ਇਕ ਲੋਥ
ਇਕ ਇਕ ਅਦਭੁਤ ਕਹਾਣੀ
ਕਹਾਣੀ—ਜੋ ਅਧਵਾਟੇ ਟੁੱਟੀ
ਜਾਂ ਸ਼ੁਰੂ ਹੋਣ ਤੋਂ ਪਹਿਲਾਂ ਮੁੱਕੀ ।
ਇਹ ਸੱਜਰੇ ਲਹੂ ਦੇ ਕਤਰੇ
ਕਿਸ ਜੰਗ ਦੀ ਬਾਕੀ ਨੇ ?
ਇਹਨਾਂ ਟੁੱਟੀਆਂ ਵੰਗਾਂ ਵਾਲੀ ਵੀਣੀ
ਕਿਸ ਮਰੋੜੀ ?
ਇਸ ਟੁੱਟੀ ਚਪਲ ਵਾਲਾ ਪੈਰ ਕਿਧਰ ਗਿਆ ?
ਇਸ ਮਿੱਧੇ ਰੁਮਾਲ ਵਾਲਾ ਹਥ ਕਿਧਰ ਗਿਆ ?
ਇਸ ਦੇਸ਼ ਦਾ ਰਹਿਬਰ ਕਿਧਰ ਗਿਆ ?
ਖੰਭਿਓ ਤੇ ਬੰਦਿਓ ਬੋਲੋ,
ਇਸ ਦੇਸ਼ ਦਾ ਰਹਿਬਰ ਕਿਧਰ ਗਿਆ ?
o

## ਪੰਦਰਾਂ ਅਗਸਤ ਦੇ ਨਾਂ

o

ਨਵਕਿਰਨ

ਅਜੇ ਸ਼ਗੂਫੇ ਖਿੜੇ ਨਹੀਂ ਹਨ
ਚਾਰ ਚੁਫੇਰੇ ਹੀ ਦਿਸੇ ਖਿਜ਼ਾਂ ।
ਟਾਹਣੋਂ ਟੁੱਟੇ ਹਰ ਪੱਤਰ ਦੀ
ਅਜੇ ਅਧੂਰੀ ਦਾਸਤਾਨ ।......

ਅਜੇ ਤਾਂ ਏਥੇ ਪੁੰਨਿਆਂ ਨੂੰ ਵੀ
ਚੰਨ ਵਿਚਾਰਾ ਰੋ ਰੋ ਮਰਦੈ ।
ਰਿਸ਼ਮਾਂ ਦੀ ਪੰਡ ਸਿਰ 'ਤੇ ਚੁੱਕੀ
ਭਾਰ ਗ਼ਮਾਂ ਦੇ ਢੋ ਢੋ ਮਰਦੈ ।
ਭਾਂਵੇ ਉਸਦਾ ਕਣ ਕਣ ਬਾਗ਼ੀ
ਹਰ 'ਕਿਰਨ' ਪਰ ਬੰਦੀਵਾਨ ।......

ਅਜੇ ਤਾਂ ਕਲੀਆਂ ਮਹਿਕਾਂ ਵੰਡਣ
ਸਾਹਾਂ ਦੇ ਵਿਚ ਆਹਾਂ ਭਰਕੇ ।
ਪੀਵਣ ਭੌਰੇ ਡੀਕਾਂ ਲਾ ਲਾ
ਪਰ ਦਿਲ ਦੇ ਸ਼ੀਸ਼ੇ ਕੋਲੋਂ ਡਰਕੇ ।
ਕੀ ਕਲੀਆਂ ਦੀ ਇਹੋ ਅਜ਼ਾਦੀ
ਲੁੱਟ ਕੇ ਰਹਿੰਦੇ ਸਭ ਅਰਮਾਨ ।......

ਮਾਣ ਸਕੇ ਨਾ ਆਪਣੀ ਛਾਂ ਵੀ
ਪਰ ਛਾਂ ਗੰਵਾ ਕੇ ਹੌਂਕੇ ਭਰਦੈ ।
ਧੁਖ ਧੁਖ ਕੇ ਤਾਂ ਬਲ ਜਾਂਦੈ, ਪਰ
ਭਾਂਬੜ ਬਣਨੋਂ ਹਰ ਰੁੱਖ ਡਰਦੈ ।
ਅਜੇ ਤਾਂ ਆਪਣਾ ਬੂਰ ਪਿਆਰਾ
ਰੁੱਖ ਨੂੰ ਰੁੱਖ ਦੀ ਨਹੀਂ ਪਛਾਣ ।......

ਅਜੇ ਤਾਂ ਹਰ ਕਾਨੀ ਦੀ ਅੱਖ ਵਿਚ
ਕਾਮ ਨੇ ਘੱਟਾ ਪਾਇਆ ਹੋਇਆ ।
ਸ਼ਬਦਾਂ ਦਾ ਹਰ-ਮੱਕੜ-ਜਾਲਾ
ਸੂਰਜ ਢੂੰਡਣ ਆਇਆ ਹੋਇਆ ।
ਵਸਤਰ-ਹੀਣਾ ਸੱਚ ਜੇ ਕਹੀਏ
ਅਜੇ ਤਾਂ ਹੁੰਦਾ ਹੈ ਅਪਮਾਨ ।......

ਤਿੰਨ ਮੇਲਦੇ ਛਕਕੇ ਭੋਜਨ
"ਕਾਜ" ਅਧੂਰੇ ਪੂਰੇ ਕਰਦੈ ।
ਭਿੱਟ-ਅੰਗੇ ਦੀ ਸੱਖਣੀਂ ਝੋਲੀ
ਤਕ ਕੇ "ਰੱਬ" ਵੀ ਗੁੱਸਾ ਕਰਦੈ ।
ਕੀ ਏ ਪੰਡਿਤ ਕੀ ਏ ਕਾਜ਼ੀ
ਸਭ ਨੂੰ ਹੋਇਆ ਹੈ ਜਰਕਾਨ ।......

ਮਾਸੂਮਾਂ ਦੀਆਂ ਅੱਲੀਆਂ ਫ਼ਸਲਾਂ
ਧਰਮ-ਵਹਿੜਕਾ ਚਰਦਾ ਫਿਰਦੈ ।
'ਕਛਹਿਰੇ' ਪਾਕੇ 'ਧੋਤੀਆਂ' ਬੰਨਕੇ
ਅਮਨ-ਖੇਡਣੇ ਰਚਦਾ ਫਿਰਦੈ ।
ਅਜੇ ਤਾਂ ਵਿਹਲੜ ਵੰਡੀਆਂ ਪਾਈਆਂ
ਅਜੇ ਨਾ ਹੋਈ ਸਾਂਝ ਜਵਾਨ ।......

ਉਦੋਂ ਹਨੇਰਾ ਮਿਟ ਜਾਵੇਗਾ
ਉਦੋਂ ਸਵੇਰਾ ਚੜ੍ਹ ਜਾਵੇਗਾ ।
ਰੁੜ ਜਾਵੇਗਾ ਗੰਦ-ਮੰਦ ਸਾਰਾ
ਉਦੋਂ ਅਜੇਹਾ ਹੜ੍ਹ ਆਵੇਗਾ
ਨੇਰ੍ਹ-ਸ਼ਿਕਾਰ ਨੂੰ ਢੂੰਡਣ ਲਈ ਜਦ
'ਕਲਮ' 'ਸੰਲਘ' ਦਾ ਹੋਇਆ ਹਾਣ ।......

oooo

# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

## ਗੁੰਡਾ ਗਰਦੀ ਤੇ ਨਾਟਕ ਸ਼ਹੀਦਾ ਤੇਰਾ ਕਾਜ ਅਧੂਰਾ

ਭੂਮਿਕਾ : ਗੁੰਡਾ ਗਰਦੀ ਸਾਡੇ ਸਮਾਜਕ ਜੀਵਨ ਦਾ ਅੰਗ ਬਣਦਾ ਜਾ ਰਿਹਾ ਹੈ, ਇਸਦੇ ਪਿਛੇ ਹਾਕਮ ਜਮਾਤ ਦਾ ਬਾਕਾਇਦਾ ਹੱਥ ਹੈ । ਗੁੰਡਿਆਂ ਦੀ ਇਕ ਕਿਸਮ ਖਾਂਦੇ ਪੀਂਦੇ ਘਰਾਂ ਦੇ ਕਾਕੇ ਹਨ। ਇਹਨਾਂ ਕੋਲ ਆਯਾਸ਼ੀ ਲਈ ਖੁਲ੍ਹਾ ਪੈਸਾ ਹੈ । ਕਾਲਜਾਂ ਯੂਨੀਵਰਸਿਟੀਆਂ ਵਿਚ ਇਹ ਬੜੇ ਚੁਸਤ ਪੁਸਤ ਪੁਸ਼ਾਕਾਂ ਵਿਚ ਫਿਰਦੇ ਹਨ । ਸਮੇਂ ਸਮੇਂ ਪਿਸਤੌਲਾਂ ਵੀ ਆਪਣੇ ਕੋਲ ਰਖਦੇ ਹਨ ਤੇ ਹਵਾਂਈ ਫਾਇਰ ਕਰਕੇ ਆਲੇ ਦੁਆਲੇ ਦਹਿਸ਼ਤ ਪਾਂਦੇ ਹਨ । ਜੇ ਇਹ ਪਿੰਡਾਂ ਦੇ ਹਨ ਤਾਂ ਹਰੀਜਨ ਕੁੜੀਆਂ ਤੇ ਅੱਖ ਰਖਦੇ ਹਨ, ਜੇ ਸ਼ਹਿਰਾਂ ਵਿਚ ਹਨ ਤਾਂ ਉੱਤੇ ਗ਼ਰੀਬ ਕੁੜੀਆਂ ਦੇ ਅੱਖ ਰਖਦੇ

ਹਨ। ਉਹਨਾਂ ਦਾ ਖਿਆਲ ਹੈ ਕਿ ਉਹ ਪੈਸੇ ਨਾਲ ਕੁੜੀਆਂ ਨੂੰ ਬਦਮਾਸ਼ੀ ਲਈ ਵਰਗਲਾ ਸਕਦੇ ਹਨ। ਪੈਸੇ ਦੇ ਜ਼ੋਰ ਨਾਲ ਇਸ ਕੰਮ ਵਾਸਤੇ ਉਹ ਵਿਚੋਲੀਆਂ ਔਰਤਾਂ ਦੀ ਸੇਵਾ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਮਾਛੀਵਾੜਾ ਦੇ ਨੇੜੇ ਪਿੰਡ ਭੂੰਗੀਆਂ ਦੀ ਇਕ ਹਰੀਜਨ ਕੁੜੀ ਇਹੋ ਜਿਹੇ ਕਾਕੇ ਗੁੰਡਿਆਂ ਦੀ ਸ਼ਿਕਾਰ ਹੋਈ ਤੇ ਉਹਨੂੰ ਸਮਾਜਕ ਸ਼ਰਮ ਤੋਂ ਬਚਣ ਲਈ ਖੁਦਕਸ਼ੀ ਕਰਨ ਤੇ ਮਜਬੂਰ ਹੋਣਾ ਪਿਆ। ਹਰੀਜਨ ਕੁੜੀ ਖੇਤਾਂ ਵਿਚ ਪੱਠੇ ਲੈਣ ਗਈ ਤਾਂ ਇਹਨਾਂ ਜਗੀਰਦਾਰਾ ਦੇ ਕਾਕਿਆਂ ਨੇ ਜਿਨਾਂ ਦਾ ਨਾਂ ਹਰਪਾਲ ਸਿੰਘ ਪੁੱਤਰ ਬਲਦੇਵ ਸਿੰਘ ਅਤੇ ਬਲਦੇਵ ਸਿੰਘ ਪੁੱਤਰ ਗੁਰਦੇਵ ਸਿੰਘ ਅਤੇ ਦੋ ਹੋਰ ਨੇ ਉਸ਼ ਕੁੜੀ ਨਾਲ ਖੇਤਾਂ ਵਿਚ ਜ਼ਬਰਦਸਤੀ ਕੀਤੀ ਸੀ। ਇਹ ਕਾਕੇ ਸਮਰਾਲਾ-ਲੁਧਿਆਣਾ ਕਾਲਜਾਂ ਵਿਚ ਗੁੰਡਾ ਗਰਦੀ ਕਰਿਆ ਕਰਦੇ ਸਨ। ਗੁੰਡਿਆਂ ਦੀਆਂ ਇਹ ਹਰਕਤਾਂ ਲੋਕ ਸ਼ਕਤੀ ਨੂੰ ਸਿੱਧਾ ਚੈਲਿੰਜ ਹੈ। ਇਹ ਤਸੱਲੀ ਵਾਲੀ ਗਲ ਹੈ ਕਿ ਲੋਕ ਜਥੇਬੰਦੀਆਂ, ਕਿਸਾਨ ਯੂਨੀਅਨ, ਜਮਹੂਰੀ ਅਧਿਕਾਰ ਸਭਾ ਆਦਿਕ ਨੇ ਇਸ ਚੈਲਿੰਜ ਨੂੰ ਕਬੂਲ ਕੀਤਾ ਅਤੇ ਲੋਕ ਆਵਾਜ਼ ਨੂੰ ਇਸ ਕੇਸ ਬਾਰੇ ਜਥੇਬੰਦ ਕੀਤਾ ਪੁਲਸ ਉਤੇ ਪੈਸੇ ਵਾਲਿਆਂ ਦਾ ਭਾਰੀ ਦਬਾਅ ਹੋਣ ਤੇ ਵੀ, ਇਹ ਜਥੇਬੰਦੀਆਂ ਇਸ ਗਲ ਵਿਚ ਸਫਲ ਹੋਈਆਂ ਹਨ ਕਿ ਇਹਨਾਂ ਗੁੰਡਿਆਂ ਵਿਰੁਧ ਕਤਲ ਅਤੇ ਬਲਾਤਕਾਰੀ ਕੇਸ ਰਜਿਸਟਰ ਹੋਇਆ ਹੈ। ਪੈਰਵਾਈ ਕਰਨ ਲਈ ਇਕ ਐਕਸ਼ਨ ਕਮੇਟੀ ਵੀ ਪੂਰੀ ਤਰ੍ਹਾਂ ਹੋਂਦ ਵਿਚ ਆਈ ਹੈ। ਗੁੰਡਿਅ ਨੂੰ ਨੱਥ ਪਾਉਣਾ ਜਮਹੂਰੀ ਸ਼ਕਤੀਆਂ ਦਾ ਇਕ ਜ਼ਰੂਰੀ ਕੰਮ ਬਣ ਗਿਆ ਹੈ। ਗੁੰਡਾ-ਗਰਦੀ ਦੀ ਇਕ ਹੋਰ ਘਿਣਾਉਣੀ ਵਾਰਦਾਤ ਮੈਡੀਕਲ ਕਾਲਜ ਰੋਹਤਕ ਵਿਚ ਹੋਈ ਹੈ। 7 ਜੁਲਾਈ ਦੀ ਇੰਡੀਅਨ ਐਕਸਪ੍ਰੈਸ ਦੀ ਇਕ ਖਬਰ ਅਨੁਸਾਰ ਰੁਹਤਕ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਦੀ ਇਕ ਟੋਲੀ ਨੇ ਹਸਪਤਾਲ ਆਈ ਇਕ ਕੁੜੀ ਨੂੰ ਰਾਤ ਅਗਵਾ ਕੀਤਾ ਤੇ ਉਹਦੇ ਨਾਲ ਬਲਾਤਕਾਰ ਕੀਤਾ। ਇਸ ਤੋਂ ਪਹਿਲਾਂ ਵੀ ਇਸ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਵਿਰੁਧ ਗੁੰਡਾਂ-ਗਰਦੀ ਦੀਆਂ ਸ਼ਕਾਇਤਾਂ ਹਨ ਕਿ ਉਹਨਾਂ ਨੇ ਆਪਣੀਆਂ ਸਹਿਪਾਠੀ ਕੁੜੀਆਂ ਨਾਲ ਬਦਤਮੀਜੀ ਕੀਤੀ। ਕਾਲਜ ਅਧਿਕਾਰੀਆਂ ਦੀ ਇਹ ਨੀਤੀ ਰਹੀ ਹੈ ਕਿ ਇਹਨਾਂ ਸਾਰੀਆਂ ਘਟਨਾਵਾਂ ਨੂੰ ਅਖੋਂ ਪਰੋਖੇ ਕੀਤਾ ਜਾਏ। ਇਸ ਤੋਂ ਪਹਿਲਾਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਨਾਨਕ ਇੰਜਨਅਰਿੰਗ ਕਾਲਜ ਲੁਧਿਆਣਾ ਵਿਚ ਵੀ ਗੁੰਡਾ-ਗਰਦੀ ਦੀਆਂ ਵਾਰਦਾਤਾਂ ਆਮ ਜਿਹੀ ਗਲ ਬਣ ਗਈ ਹੈ। ਅਧਿਕਾਰੀਆਂ ਨੂੰ ਗੁੰਡਾ-ਗਰਦੀ ਨਾਲੋਂ ਫਿਕਰ ਇਸ ਗਲ ਦਾ ਬਹੁਤਾ ਹੈ ਕਿ ਸਿਆਸੀ ਸੂਝ ਵਾਲਾ ਅਨਸਰ ਕਾਲਜਾਂ ਯੂਨੀਵਰ-ਸਟੀਆਂ ਵਿਚ ਦਾਖਲਾ ਨਾ ਲਵੇ। ਜਿਸ ਦਿਨ ਰੁਹਤਕ ਕਾਲਜ ਦੀ ਵਾਰਦਾਤ ਦੀ ਖਬਰ ਸੀ, ਉਸ ਦਿਨ ਇਹ ਵੀ ਖਬਰ ਸੀ ਕਿ ਵਾਈਚਾਂਸਲਰਾਂ ਦੀ ਇਕ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਸਿਆਸੀ ਅਸਰ ਵਾਲੇ ਵਿਦਿਆਰਥੀਆਂ (ਮਤਲਬ ਸਾਫ ਕਿ ਸਿਆਸੀ ਸੂਝ ਵਾਲੇ ਵਿਦਿਆਰਥੀਆਂ) ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲਾ ਨਾਂ ਦਿਤਾ ਜਾਏ। ਹਾਲਾਂਕਿ ਇਹ ਮੰਨੀ ਹੋਈ ਗਲ ਹੈ ਕਿ ਸਿਆਸੀ ਤੌਰ ਤੇ ਚੇਤਨ ਵਿਦਿਆਰਥੀ ਵਿਦਿਆ ਸੰਸਥਾਵਾਂ ਦੇ ਅਨੁਸ਼ਾਸ਼ਨ ਨੂੰ ਸਭ ਤੋਂ ਵੱਧ ਮੰਨਦੇ ਹਨ। ਜੇ ਉਹਨਾਂ ਦੀ ਅਧਿਕਾਰੀਆਂ ਨਾਲ ਕੱਦੀ ਟੱਕਰ ਆਉਂਦੀ ਹੈ ਤਾਂ ਉਹ ਉਸ ਵੇਲੇ ਹੀ ਆਂਦੀ ਹੈ ਜਦੋਂ ਅਧਿਕਾਰੀ ਗੁੰਡਾ ਨੁਮਾ ਵਿਦਿਆਰਥੀਆਂ ਦੀਆਂ ਸਰਗਰਮੀਆਂ ਨੂੰ ਅਖੋਂ ਪਰੋਖੇ ਕਰਦੇ ਹਨ ਤੇ ਬੋਸਾਇਜ਼ਮ ਨੂੰ ਵਧਾਵਾ ਦੇਂਦੇ ਹਨ।

ਗੁੰਡਾ-ਗਰਦੀ ਦੇ ਵਿਰੁਧ ਸੰਘਰਸ਼ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਪ੍ਰੋਗਰਾਮਾਂ ਦਾ ਹਮੇਸ਼ਾ ਇਕ ਜ਼ਰੂਰੀ ਭਾਗ ਰਿਹਾ ਹੈ। 19 ਜੁਲਾਈ 1979 ਵਿਦਿਆ-ਆਰਥੀਆਂ ਦੇ ਮਹਾਨ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ ਵੀ ਇਸ ਕਾਜ ਦੇ ਪਿਛੇ ਹੀ ਹੋਈ ਹੈ। ਇਹ ਨਾਟਕ ਪ੍ਰਿਥੀ ਦੀ ਯਾਦ ਨੂੰ ਹੀ ਸਮਰਪਿਤ ਹੈ। ਇਹ ਨਾਟਕ ਪੇਸ਼ ਕੀਤਾ ਜਾ ਰਿਹਾ ਤਾਂ ਜੋ ਸਾਰੀਆਂ ਉਹਨਾਂ ਸ਼ਕਤੀਆਂ ਨੂੰ ਪ੍ਰੇਰਨਾ ਮਿਲੇ ਜੋ ਗੰਡਾ-ਗਰਦੀ ਦੇ ਗੰਦ ਨੂੰ ਇਸ ਸਮਾਜ ਵਿਚੋਂ ਖਤਮ ਕਰਨ ਲਈ ਵਚਣਬੰਦ ਹਨ। ਇਹ ਨਾਟਕ ਮੂਕ ਮੁਦਰਾਵਾਂ ਦੀ ਸ਼ਕਲ ਵਿਚ ਹੈ।

## ਨਾਟਕ—

ਨਾਟਕ ਸ਼ੁਰੂ ਹੋਣ ਤੇ ਸੰਗੀਤ ਵਜਦਾ ਹੈ। ਜ਼ੀਨਾ ਪਾਈ ਗੰਡੇ ਇਕ ਪਾਸੇ ਤੋਂ ਆਂਦੇ ਹਨ। ਦੋ ਕਾਕੇ ਨੁਮਾਂ ਗੁੰਡੇ ਇਕ ਪਾਸੇ ਤੋਂ ਆਂਦੇ ਹਨ—ਆਪਸ ਵਿਚ ਲੋਫਰਾਨਾ ਅੰਦਾਜ਼ ਵਿਚ ਜਫੀਆਂ ਪਾਂਦੇ ਹਨ। ਦੋ ਕਾਲਜ ਵਿਦਿਆਰਥਨਾਂ ਲੰਘਦੀਆਂ ਹਨ, ਉਹਨਾਂ ਉਤੇ ਆਵਾਜ਼ੇ ਕੱਸਦੇ ਹਨ। ਬਅਦ ਵਿਚ ਕਾਲਜ ਦਾ ਪ੍ਰੋਫੈਸਰ ਆਂਦਾ ਹੈ, ਮੂੰਹ ਤੇ ਸਲਾਮ ਬੁਲਾਂਦੇ ਹਨ, ਪਰ ਪਿਠ ਪਿਛੇ ਬੂਥੀਆਂ ਬਣਾਦੇ ਹਨ ਪ੍ਰੋਫੈਸਰ ਦੇ ਜਾਣ ਦੇ ਬਾਅਦ ਕਾਲਜ ਦਾ ਇਕ ਸਾਊ ਵਿਦਿਆਰਥੀ ਲੰਘਦਾ ਹੈ, ਉਹਨੂੰ ਠਿੱਬੀ ਦੇਕੇ ਡੇਗ ਦੇਂਦੇ ਹਨ। ਉਹਦੀ ਐਨਕ ਡਿਗ ਪੈਂਦੀ ਹੈ, ਉਹ ਐਨਕ ਚੁੱਕ ਲੈਂਦੇ ਹਨ, ਉਹ ਵਿਚਾਰਾ ਐਨਕ ਮੰਗਦਾ ਹੈ, ਉਹਦੇ ਉਤੇ ਹੱਸਦੇ ਹਨ—ਵਿਦਿਆਰਥੀ ਆਗੂ ਇਕ ਪਾਸੇ ਤੋਂ ਆਂਦਾ ਹੈ। ਉਸ

ਸਾਊ ਵਿਦਿਆਰਥੀ ਦੀ ਸਹਾਇਤਾ ਕਰਦਾ ਹੈ। ਉਹ ਗੁੱਸੇ ਨਾਲ ਉਹਨਾਂ ਕੋਲੋਂ ਐਨਕ ਵਾਪਸ ਮੰਗਦਾ ਹੈ। ਇਕ ਖਿਚਾਅ ਜਿਹਾ ਪੈਦਾ ਹੁੰਦਾ ਹੈ। ਗੁੰਡੇ ਐਨਕ ਤਾਂ ਵਾਪਸ ਦੇ ਦੇਂਦੇ ਹਨ, ਪਰ ਉਹਦੇ ਵਲ ਘੂਰਦੇ ਬਾਹਰ ਚਲੇ ਜਾਂਦੇ ਹਨ—ਇਹ ਸੰਘਰਸ਼ ਦਾ ਸ਼ੁਰੂ ਹੈ।

## ਦੂਜਾ ਸੀਨ

ਦੂਜੇ ਸੀਨ ਵਿਚ ਕਾਲਜ ਦੀ ਕੈਨਟੀਨ ਦਾ ਸੀਨ ਹੈ। ਗੁੰਡੇ ਲੋਫਰਾਨਾ ਅੰਦਾਜ਼ ਵਿਚ ਬੈਠੇ ਹਨ—ਕੈਨਟੀਨ ਦਾ ਨੌਕਰ ਸੰਗੀਤ ਦੀ ਲੈਅ ਵਿਚ ਕੰਮ ਕਰ ਰਿਹਾ ਹੈ। ਕੁੜੀਆਂ ਆਂਦੀਆਂ ਹਨ, ਉਹਨਾਂ ਨਾਲ ਮਖੌਲ ਕਰਦੇ ਹਨ। ਵਿਦਿਆਰਥੀ ਆਗੂ ਆਪਣੇ ਸਾਥੀਆਂ ਨਾਲ ਆਂਦਾ ਹੈ—ਉਹ ਇਕ ਇਸ਼ਤਿਹਾਰ ਲਿਖਦੇ ਹਨ—ਗੁੰਡੇ ਇਸ਼ਤਿਹਾਰ ਫਾੜਦੇ ਹਨ—ਉਥੇ ਫੇਰ ਝਗੜਾ ਹੋਂਦਾ ਹੋਂਦਾ ਬੱਚ ਜਾਦਾ ਹੈ—ਕਿਉਂਕਿ ਪ੍ਰੋਫੈਸਰ ਉਤੋਂ ਆ ਜਾਂਦਾ ਹੈ।

## ਸੀਨ ਤੀਸਰਾ

ਕਾਲਜ ਦੇ ਕੰਪਾਉਂਡ ਵਿਚ ਜਲਸਾ ਹੈ—ਵਿਦਿਆਰਥੀ ਆਗੂ ਤਕਰੀਰ ਕਰ ਰਿਹਾ ਹੈ—ਬਾਕੀ ਵਿਦਿਆਰਥੀ ਧਿਆਨ ਨਾਲ ਸੁਣ ਰਹੇ ਹਨ—ਗੁੰਡੇ ਆ ਕੇ ਜਲਸੇ ਵਿਚ ਆਵਾਜ਼ੇ ਕੱਸਦੇ ਹਨ, ਉਹਨਾਂ ਨੂੰ ਖਬਰਦਾਰ ਕੀਤਾ ਜਾਂਦਾ ਹੈ, ਪਰ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਂਦੇ— ਬਾਕੀ ਵਿਦਿਆਰਥੀ ਉਹਨਾਂ ਤੇ ਟੁੱਟ ਪੈਂਦੇ ਹਨ—ਗੁੰਡੇ ਨੱਸ ਜਾਂਦੇ ਹਨ—ਇਕ ਗੁੰਡਾ ਵਿਦਿਆਰਥੀਆਂ ਦੇ ਕਾਬੂ ਆ ਜਾਂਦਾ ਹੈ—ਵਿਦਿਆਰਥੀ ਉਹਨੂੰ ਮਾਰਨ ਲਗਦੇ ਹਨ, ਪਰ ਆਗੂ ਵਿਚ ਪੈਕੇ ਉਹਨੂੰ ਬਚਾ ਲੈਂਦਾ ਹੈ—ਉਹ ਗੁੰਡੇ ਨੂੰ ਖਬਰਦਾਰ ਕਰਕੇ ਛੱਡ ਦੇਂਦੇ ਹਨ ਪਰ ਆਪਸ ਵਿਚ ਗੱਲਾਂ ਕਰਦੇ ਹਨ ਕਿ ਸਾਨੂੰ ਗੁੰਡਿਆਂ ਦੇ ਵਿਰੁੱਧ ਚੁੱਕਨੇ ਰਹਿਣਾ ਚਾਹੀਦਾ ਹੈ।

## ਸੀਨ ਚੌਥਾ

ਗੁੰਡੇ ਹੁਣ ਸਲਾਹਵਾਂ ਕਰ ਰਹੇ ਹਨ ਕਿ ਆਪਣੀ ਬੇਇਜ਼ਤੀ ਦਾ ਬਦਲਾ ਕਿਵੇਂ ਲਈਏ--ਉਹ ਤਿਆਰੀਕਰ ਰਹੇ ਹਨ-ਸਰਕਾਰੀ ਪਾਰਟੀ ਦਾ ਲੀਡਰ ਸਾਹਬ ਉਹਨਾਂ ਨੂੰ ਆਕੇ ਸ਼ਾਬਾਸ਼ ਦੇਂਦਾ ਹੈ। ਇਸ ਲੀਡਰ ਦੇ ਐਕਸ਼ਨ ਇਹੋ ਜਹੇ ਹਨ, ਜਿਸਤਰ੍ਹਾਂ ਕਹਿ ਰਿਹਾ ਹੋਵੇ ਕਿ ਅਸੀਂ ਇਥੋਂ ਦੇ ਬਾਦਸ਼ਾਹ ਹਾਂ ਤੁਸੀ ਇਹਨਾਂ ਕਾਮਰੇਡਾਂ ਨੂੰ ਸੱਬਕ ਸਿਖਾ ਦੇਵੋ—ਤੁਹਾਡਾ ਵਾਲ ਵਿੰਗਾ ਨਹੀਂ ਹੋ ਸਕਨ ਲਗਾ। ਲੀਡਰ ਚਲਾ ਜਾਂਦਾ ਹੈ ਗੁੰਡੇ ਸਾਜ਼ਸ਼ ਕਰਕੇ ਵਿਦਿਆਰਥੀ ਆਗੂ ਦੇ ਘਰ ਜਾਂਦੇ ਹਨ। ਉਹਨੂੰ ਬਾਹਰ ਬੁਲਾਂਦੇ ਹਨ। ਉਹ ਅਨਭੋਲ ਹੀ ਬਾਹਰ ਆਂਦਾ ਹੈ।

ਗੁੰਡੇ ਉਹਨੂੰ ਪਿਛੋਂ ਦੀ ਪੈ ਜਾਂਦੇ ਹਨ—ਉਹ ਬਹੁਤ ਸਾਰੇ ਹਨ, ਆਗੂ ਇਕੱਲਾ ਹੈ। ਟਾਰਚਰ ਕਰਕੇ ਉਹਨੂੰ ਜਾਨੋਂ ਹੀ ਮਾਰ ਦੇਂਦੇ ਹਨ ਅਤੇ ਫੇਰ ਹੋਛਿਆਂ ਵਾਕਨ ਭੰਗੜਾ ਪਾਂਦੇ ਚਲੇ ਜਾਂਦੇ ਹਨ। ਦੂਜੇ ਵਿਦਿਆਰਥੀ ਆਂਦੇ ਹਨ—ਆਗੂ ਦੀ ਮੌਤ ਤੇ ਅਫਸੋਸੇ ਜਾਂਦੇ ਹਨ, ਉਹਦੀ ਲਾਸ਼ ਨੂੰ ਅੱਦਬ ਨਾਲ ਚੁਕਦੇ ਹਨ ਅਤੇ ਫੇਰ ਇਰਾਦੇ ਨਾਲ ਉਠਦੇ ਹਨ—ਉਹਦੀ ਲਾਸ਼ ਸਤਿਕਾਰ ਨਾਲ ਚੁੱਕਦੇ ਹਨ—ਪਿੱਠ ਭੂਮੀਂ ਤੋਂ ਜੋਸ਼ਲੀਆਂ ਆਵਾਜ਼ਾਂ ਆਂਦੀਆਂ ਹਨ।

ਸ਼ਹੀਦਾ ਤੇਰਾ ਕਾਜ ਅਧੂਰਾ
ਲਾ ਕੇ ਜਿੰਦੜੀਆਂ ਕਰਾਂਗੇ ਪੂਰਾ

ਸਾਡਾ ਸਾਥੀ ਜ਼ਿੰਦਾਬਾਦ—ਸਾਡਾ ਆਗੂ ਜ਼ਿੰਦਾ-ਬਾਦ—ਗੁੰਡਾਗਰਦੀ ਮੁਰਦਾਬਾਦ—ਬੁਰਛਾ ਗਰਦੀ ਮੁਰਦਾਬਾਦ ਇਹ ਨਾਅਰੇ ਦਰਬਕ ਵੀ ਨਾਲ ਲਗਾਉਂਦੇ ਹਨ ਅਤੇ ਸੰਗੀਤਕ ਲੈਅ ਵਿਚ ਲਗਦੇ ਹਨ।

## ਅਗਲਾ ਸੀਨ

ਮੁੰਡੇ ਹੋਛਿਆਂ ਵਾਕੁਨ ਸ਼ਰਾਬ ਪੀ ਰਹੇ ਹਨ। ਮੁਰਗੇ ਖਾ ਰਹੇ ਹਨ। ਲੀਡਰ ਸ਼ਾਹਬ ਉਹਨਾਂ ਨੂੰ ਆਕੇ ਸ਼ਾਬਾਸ਼ ਦੇਂਦਾ ਹੈ—ਉਹ ਉਹਦੇ ਗੋਡੇ ਹੱਥ ਲਾਂਦੇ ਹਨ—ਥਾਨੇਦਾਰ ਤੇ ਸਿਪਾਹੀ ਆਂਦਾ ਹੈ—ਉਹ ਕਾਤਲਾਂ ਨੂੰ ਪਕੜਨਾਂ ਚਾਹੁੰਦੇ ਹਨ ਪਰ ਲੀਡਰ ਸਾਹਬ ਉਹਨਾਂ ਨੂੰ ਇਹ ਕਹਿਕੇ ਭੇਜ ਦੇਂਦਾ ਹੈ ਕਿ ਇਹ ਆਪਣੇ ਹੀ ਬੰਦੇ ਹਨ ਇਕ ਬੋਤਲ ਉਹਨਾਂ ਨੂੰ ਵੀ ਦੇ ਦੇਂਦਾ ਹੈ। ਉਹ ਗਿਰਫਤਾਰੀ ਕੀਤੇ ਬਗ਼ੈਰ ਚਲੇ ਜਾਂਦੇ ਹਨ। ਉਹ ਗੁੰਡੇ ਫਿਰ ਆਪਣੀ ਅਯਾਸ਼ੀ ਵਿਚ ਲਗ ਜਾਂਦੇ ਹਨ। ਜਥੇਬੰਦ ਵਿਦਿਆਰਥੀ ਅਚਾਨਕ ਆਕੇ ਉਹਨਾਂ ਨੂੰ ਘੇਰ ਲੈਂਦੇ ਹਨ। ਅਤੇ ਰਸੇ ਨਾਲ ਜੱਕੜ ਲੈਂਦੇ ਹਨ—ਉਹਨਾਂ ਨੂੰ ਥੱਲੇ ਡੇਗ ਦੇਂਦੇ ਹਨ—

ਪਿਠ ਭੂਮੀ ਤੇ ਆਵਾਜ਼—ਅਸੀ ਸਜ਼ਾ ਮੰਗੀ ਸੀ ਉਹਨਾਂ ਕਾਤਲਾਂ ਲਈ ਜਿਹਨਾਂ ਨੇ ਸਾਡਾ ਸਾਥੀ ਸਾਥੋਂ ਖੋਹਿਆ ਪਰ ਤੁਸੀ ਸਾਡੀ ਮੰਗ ਤੇ ਕੰਨ ਨਾਂ ਧਰਿਆ—ਸਾਨੂੰ ਸ਼ੱਕ ਹੈ ਕਿ ਤੁਸੀ ਵੀ ਉਸ ਸਾਜ਼ਿਸ਼ ਵਿਚ ਸ਼ਾਮਲ ਹੋ ਐ ਹਕੂਮਤ ਵਾਲਿਓ, ਹੁਣ ਅਸੀ ਮੰਗ ਨਹੀਂ ਕਰਦੇ ਸਗੋਂ ਐਲਾਨ ਕਰਦੇ ਹਾਂ ਕਿ ਅਸੀ ਬਦਲਾ ਲਵਾਂਗੇ—ਉਹਨਾਂ ਕੋਲੋਂ ਜਿਹਨਾਂ ਨੇ ਸਾਡਾ ਸਾਥੀ ਸਾਥੋਂ ਖੋਹਿਆ।

ਗੁੰਡੇ ਤੇ ਰਾਜਸੀ ਆਗੂ ਰਸੇ ਵਿਚ ਜਕੜੇ ਹਨ। ਹਰ ਇਕ ਵਿਦਿਆਰਥੀ ਦੇ ਇਕ ਹੱਥ ਮੁੱਠੀ ਦੀ ਸ਼ਕਲ ਵਿਚ ਉਤੇ ਉੱਠੇ ਹਨ। ਇਹ ਇਸ ਗਲ ਦਾ ਸੰਕੇਤ ਹੈ ਕਿ ਲੋਕ ਪੂਰਾ ਇਰਾਦਾ ਰਖਦੇ ਹਨ ਕਿ ਹਾਕਮ ਜਮਾਤ ਤੇ ਉਹਨਾਂ ਦੇ ਪਾਲਤੂ ਗੁੰਡਿਆਂ ਨੂੰ ਇਸੇ ਤਰ੍ਹਾਂ ਨੱਥ ਪਾਉਣਗੇ ਤੇ ਇਸ ਮੂਕ ਦ੍ਰਿਸ਼ ਵਿਚ ਹੀ ਨਾਟਕ ਮੁੱਕਦਾ ਹੈ। ੦

# ਪੱਟੀ ਗੋਲੀ ਕਾਂਡ ਦੇ 'ਕਥਿਤ ਦੋਸ਼ੀ' ਕੁਲਵੰਤ ਸਿੰਘ ਦੀ 'ਪੁਲਸ ਮੁਕਾਬਲੇ' ਨਾਲ ਹੋਈ ਮੌਤ ਦੀ ਪੜਤਾਲ ਰਿਪੋਰਟ

## ਭੂਮਿਕਾ :

11 ਅਤੇ 12 ਜੂਨ 1982 ਦੀਆਂ ਖ਼ਬਰਾਂ ਵਿੱਚ ਸ. ਕੁਲਵੰਤ ਸਿੰਘ ਉਰਫ਼ ਜਸਵੰਤ ਸਿੰਘ (ਪਿੰਡ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ) ਦੇ ਪੁਲਸ ਹਿਰਾਸਤ ਵਿੱਚੋਂ ਭੱਜਣ ਅਤੇ ਫ਼ੇਰ 'ਪੁਲਸ ਮੁਕਾਬਲੇ' ਵਿੱਚ ਮੌਤ ਦੀ ਖ਼ਬਰ ਜਮਹੂਰੀਅਤ ਪਸੰਦ ਲੋਕਾਂ ਲਈ ਇਕ ਦੁਖਦਾਈ ਖ਼ਬਰ ਸੀ। ਇਹ ਘਟਨਾ ਕੇਵਲ ਵਿਅਕਤੀਗਤ ਸੁਆਰਥ ਅਤੇ ਪੁਲਸ ਸ਼ਕਤੀ ਦਾ ਪ੍ਰਗਟਾਵਾ ਹੀ ਨਹੀਂ ਕਹੀ ਜਾ ਸਕਦੀ, ਸਗੋਂ ਇਸ ਦੀਆਂ ਜੜ੍ਹਾਂ ਬੜੀਆਂ ਗਹਿਰੀਆਂ ਹਨ। ਇਹ ਕੋਈ ਪਹਿਲੀ ਜਾਂ ਵਿਕੋਲਿੱਤਰੀ ਘਟਨਾ ਵੀ ਨਹੀਂ। ਅਜੇਹੀਆਂ ਘਟਨਾਵਾ ਕੁਝ ਸਾਲ ਪਹਿਲਾਂ ਆਮ ਵਾਪਰ ਚੁੱਕੀਆਂ ਹਨ। ਉਸ ਸਮੇਂ ਕਈ ਨਕਸਲਬਾੜੀ ਨੌਜਵਾਨਾਂ ਨੂੰ 'ਪੁਲਸ ਮੁਕਾਬਲੇ' ਦੇ ਨਾਂ ਹੇਠ ਮਾਰ ਮੁਕਾਇਆ ਗਿਆ ਸੀ। ਐਮਰਜੈਂਸੀ ਤੋਂ ਬਾਅਦ ਸਿਵਲ ਲਿਬਰਟੀ ਵਾਲਿਆਂ ਵਲੋਂ ਕੀਤੀ ਪੜਤਾਲ ਨੇ ਇਹ ਸਪਸ਼ਟ ਕਰ ਦਿੱਤਾ ਕਿ 'ਪੁਲਸ ਮੁਕਾਬਲੇ' ਝੂਠੇ ਅਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਤੋਂ ਵੱਧ ਹੋਰ ਕੁਝ ਨਹੀਂ। ਕਈ ਅਣਭੋਲ ਬੰਦੇ ਵੀ ਇਸ ਦਾ ਸ਼ਿਕਾਰ ਹੋਏ ਸਨ। ਇਹੀ ਕਾਰਨ ਹੈ ਕਿ ਕੁਲਵੰਤ ਸਿੰਘ ਦੇ ਪੁਲਸ ਹਿਰਾਸਤ 'ਚੋਂ ਭੱਜ ਜਾਣ ਦੀ ਖ਼ਬਰ ਨਾਲ ਛਪੇ ਅਕਾਲੀ ਲੀਡਰਾਂ ਦੇ ਬਿਆਨਾਂ ਵਿੱਚ ਸਪਸ਼ਟ ਸ਼ੰਕੇ ਸਨ ਕਿ ਕੁਲਵੰਤ ਸਿੰਘ ਨੂੰ ਮਾਰ ਦਿੱਤਾ ਗਿਆ ਹੈ।

ਜਮਹੂਰੀ ਹੱਕਾਂ ਉੱਤੇ ਛਾਪੇ ਪੈਣ ਦੀਆਂ ਘਟਨਾਵਾ ਆਮ ਜਿਹੀ ਗੱਲ ਹੋ ਗਈ ਹੈ। ਇਹਨਾਂ ਵਿਚੋਂ ਵਡੀ ਗਿਣਤੀ ਉਹਨਾਂ ਘਟਨਾਵਾਂ ਦੀ ਹੈ ਜੋ ਕਿਸੇ ਨ ਕਿਸੇ ਰੂਪ ਵਿਚ ਪੁਲਸ ਨਾਲ ਸਬੰਧਿਤ ਹੁੰਦੀਆਂ ਹਨ। ਅਕਸਰ ਪੁਲਸ ਨੂੰ ਅਮਨ ਤੇ ਕਾਨੂੰਨ ਦੇ ਰਾਖੇ ਸਮਝਿਆ ਜਾਂਦਾ ਹੈ, ਪਰ ਇਹ ਉਸਦਾ ਉਹ ਰੂਪ ਹੈ ਜੋ ਹੋਣਾ ਚਾਹੀਦਾ ਹੈ ਅਤੇ ਜੋ ਹੈ ਉਹ ਬਿਲਕੁਲ ਵੱਖਰਾ ਹੈ। ਅਮਨ ਤੇ ਕਾਨੂੰਨ ਦੀ ਰਾਖੀ ਕਰਨ ਦਾ ਦੰਭ ਭਰਨ ਵਾਲੀ ਪੁਲਸ ਅਕਸਰ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਮਨਮਾਨੀ ਕਰਦੀ ਹੈ। ਇਹ ਮਸਲਾ ਬੜਾ ਗੁੰਝਲਦਾਰ ਹੈ। ਇਸ ਦਾ ਇਕ ਸਿਰਾ ਹਾਕਮ ਵਰਗ ਦੇ ਹਿਤਾਂ ਨਾਲ ਜੁੜਿਆ ਹੈ ਅਤੇ ਦੂਜਾ ਆਮ ਲੋਕਾਂ ਨਾਲ। ਇਹਨਾ ਦੇ ਪਰਸਪਰ ਸਬੰਧ ਪੁਲਸ ਕਾਰਵਾਈ ਵਿੱਚ ਤਬਦੀਲੀ ਨੂੰ ਨਿਰਧਾਰਿਤ ਕਰਦੇ ਹਨ।

ਇਧਰ ਕੁਝ ਵਰ੍ਹਿਆਂ ਵਿੱਚ ਪੁਲਸ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦਾ ਕਾਰਨ ਵਧਦੀਆਂ ਅਪਰਾਧ ਦੀਆਂ ਵਾਰਦਾਤਾਂ ਨਹੀਂ, ਸਗੋਂ ਸਰਕਾਰ ਵਲੋਂ ਆਪਣੇ ਹਿਤਾਂ ਲਈ ਪੁਲਸ ਮਸ਼ੀਨਰੀ 'ਤੇ ਟੇਕ ਹੈ। ਇਹ ਟੇਕ ਆਰਥਿਕ ਤੇ ਰਾਜਨੀਤਕ ਸੰਕਟ ਦੇ ਗਹਿਰੇ ਹੁੰਦੇ ਜਾਣ ਨਾਲ ਵਧਦੀ ਤੁਰੀ ਜਾਂਦੀ ਹੈ। ਅਪਰਾਧ ਦਾ ਸੰਬੰਧ ਵੀ ਇਸੇ ਸੰਕਟ ਨਾਲ ਹੈ। ਇਸੇ ਸੰਕਟ ਦੇ ਗਹਿਰੇ ਹੋਣ ਤੇ ਟੇਕ ਦੇ ਵਧਣ ਦੇ ਨਤੀਜੇ ਵਜੋਂ ਪੁਲਸ ਕਾਰਵਾਈਆਂ ਵਿੱਚ ਮਨਮਾਨੀ ਆਉਂਦੀ ਤੁਰੀ ਜਾਂਦੀ ਹੈ। ਪੁਲਸ ਵਧੀਕੀਆਂ ਦੀਆਂ ਘਟਨਾਵਾਂ ਇਸੇ ਸੰਦਰਭ ਵਿਚ ਰੱਖ ਕੇ ਵੇਖੀਆਂ ਜਾ ਸਕਦੀਆਂ ਹਨ।

ਕੁਲਵੰਤ ਸਿੰਘ ਵਾਲੀ ਘਟਨਾ ਦਾ ਸੰਬੰਧ ਪੰਜਾਬ ਵਿੱਚ ਅਜੋਕੀ ਫ਼ਿਰਕੂ ਰਾਜਨੀਤੀ ਨਾਲ ਹੈ। ਜਮਹੂਰੀ ਅਧਿਕਾਰ ਸਭਾ ਅਜੇਹੀ ਫ਼ਿਰਕੂ ਰਾਜਨੀਤੀ ਅਤੇ ਪੰਜਾਬ ਵਿੱਚ ਘਟ ਰਹੀਆਂ ਫ਼ਿਰਕੂ ਜਨੂਨੀ ਦੀਆਂ ਵਾਰਦਾਤਾਂ ਦਾ ਭਰਵਾਂ ਵਿਰੋਧ ਕਰਦੀ ਹੈ। ਇਹ ਕੋਈ ਰਾਜਨੀਤਕ ਜਥੇਬੰਦੀ ਨਹੀਂ। ਇਸ ਦਾ ਘੇਰਾ ਲੋਕਾਂ ਵਿੱਚ ਜਮਹੂਰੀ ਚੇਤਨਾ ਨੂੰ ਫੈਲਾਉਣਾ ਅਤੇ ਉਸ ਉਤੇ ਪੈਂਦੇ ਛਾਪਿਆਂ ਦੇ ਖਿਲਾਫ਼ ਆਵਾਜ਼ ਬੁਲੰਦ ਕਰਨੀ ਹੈ। ਪੁਲਸ ਮੁਕਾਬਲੇ ਦੀਆਂ ਘਟਨਾਵਾਂ, ਭਾਵੇਂ ਉਸਦਾ ਸੰਬੰਧ ਕਿਸੇ ਵਿਚਾਰਧਾਰਾ ਨਾਲ ਹੋਵੇ, ਨਾਲ ਕੇਵਲ ਸੰਬੰਧ ਕੇਵਲ ਇਸੇ ਰੂਪ ਵਿਚ ਹੈ ਕਿ ਪੁਲਸ ਦਾ ਕੰਮ ਦੋਸ਼ੀਆਂ ਨੂੰ ਫੜ ਕੇ ਕਾਨੂੰਨ ਦੇ ਸਾਹਮਣੇ ਲਿਆਉਣਾ ਹੈ ਨਾ ਕਿ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣਾ। ਜੇ ਕਿਸੇ ਦੋਸ਼ੀ ਨੂੰ ਉਸ ਦੇ ਦੋਸ਼ ਸਾਬਤ ਹੋਣ ਤੋਂ ਪਹਿਲਾਂ ਹੀ ਪੁਲਸ ਸਜ਼ਾ ਦੇਂਦੀ ਹੈ ਤਾਂ ਇਹ ਜਮਹੂਰੀ ਅਧਿਕਾਰਾਂ ਦੀ ਕੁਤਾਹੀ ਹੈ।

ਜਮਹੂਰੀ ਅਧਿਕਾਰ ਸਭਾ ਇਹਨਾਂ ਘਟਨਾਵਾਂ ਨੂੰ ਵਿਕਲੋਤਰੀਆਂ ਤੇ ਇਤਫਾਕੀਆਂ ਵਾਪਰਨ ਵਾਲੀਆਂ ਨਹੀਂ ਸਮਝਦੀ। ਉਹਦੇ ਅਨੁਸਾਰ ਇਹਨਾਂ ਦਾ ਸੰਬੰਧ ਇਕ ਵੱਡੇ ਤਾਣੇ-ਬਾਣੇ ਨਾਲ ਹੈ। ਸਭਾ ਇਸ ਦਾ ਸੋਮਾਂ ਭੈੜੇ ਸਮਾਜਿਕ ਸੰਗਠਨ ਨੂੰ ਨਹੀਂ ਸਮਝਦੀ। ਉਸ ਦਾ ਵਿਸ਼ਵਾਸ ਹੈ ਕਿ ਇਸ ਦਾ ਸੋਮਾਂ ਰਾਜ ਦੇ ਨੇਮ ਹਨ। ਇਹੀ

ਕਾਰਨ ਹੈ ਕਿ ਸਭਾ ਇਹਨਾਂ ਘਟਨਾਵਾਂ ਨੂੰ ਵਡੀ ਅਹਿਮੀਅਤ ਦੇਂਦੀ ਹੈ।

ਜਮਹੂਰੀ ਅਧਿਕਾਰ ਸਭਾ ਤੇ ਰਾਜਨੀਤਕ ਪਾਰਟੀਆਂ ਦੀ ਸਮਝ ਵਿਚ ਅੰਤਰ ਹੈ। ਜਿੱਥੇ ਪਾਰਟੀਆਂ ਅਜੇਹੀਆਂ ਘਟਨਾਵਾਂ ਨੂੰ ਉਸ ਨਾਲ ਸਬੰਧਿਤ ਰਾਜਨੀਤੀ ਨੂੰ ਅੱਡ ਕਰਕੇ ਨਹੀਂ ਵੇਖਦੀਆਂ, ਉਥੇ ਜਮਹੂਰੀ ਅਧਿਕਾਰ ਸਭਾ ਇਸ ਘਟਨਾ ਨੂੰ ਰਾਜਨੀਤੀ ਨਾਲੋਂ ਅੱਡ ਕਰਕੇ ਵੇਖਦੀ ਹੈ। ਨਤੀਜੇ ਵਜੋਂ, ਉਹ ਜਮਹੂਰੀ ਅਧਿਕਾਰਾਂ ਦੀ ਹੁੰਦੀ ਕੁਤਾਹੀ ਨੂੰ ਮਹਿਸੂਸ ਕਰਦੀ ਹੈ। ਇਸੇ ਲਈ ਸਭਾ ਦਾ ਵਿਸ਼ਵਾਸ਼ ਹੈ ਕਿ ਇਹਨਾਂ ਘਟਨਾਵਾਂ ਦੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਸਚਾਈ ਨੂੰ ਲੋਕਾਂ ਸਾਮ੍ਹਣੇ ਲਿਆਉਣਾ ਚਾਹੀਦਾ ਹੈ। ਪਰ ਇਹ ਤਾਂ ਹੀ ਕਾਰਗਾਰ ਹੋ ਸਕਦਾ ਹੈ ਜੇ ਸਾਰੇ ਜਮਹੂਰੀਅਤ ਪਸੰਦ ਲੋਕ ਇਸ ਵਿਚ ਯੋਗਦਾਨ ਦੇਣ ਅਤੇ ਡਟਵੇਂ ਰੂਪ ਵਿਚ ਅਜੇਹੀਆਂ ਘਟਨਾਵਾਂ ਦੀ ਨਿਖੇਧੀ ਕਰਨ।

ਪੁਲਸ ਵਧੀਕੀਆਂ ਦੀਆਂ ਇਹਨਾਂ ਘਟਨਾਵਾਂ ਬਾਰੇ ਪੜਤਾਲ ਕਰਨਾ ਸਭਾ ਦਾ ਮੰਤਵ ਹੈ ਕਿ ਇਸ ਸਮੱਸਿਆ ਨੂੰ ਵਧ ਤੋਂ ਵਧ ਸਮਝਿਆ ਜਾ ਸਕੇ। ਇਸ ਦੇ ਨਾਲ ਹੀ ਪੁਲਸ ਦੇ 'ਆਦਰਸ਼ਵਾਦੀ ਤੇ ਭਰਮਪਾਊ ਪੱਖ' ਨੂੰ ਇਸਦੇ 'ਵਾਸਤਵਿਕ ਅਮਲੀ ਪੱਖ' ਨਾਲੋਂ ਨਿਖੇੜ ਕੇ ਲੋਕਾਂ ਸਾਹਮਣੇ ਲਿਆਇਆ ਜਾਵੇ। ਇਸ ਦੇ ਨਾਲ ਹੀ ਲੋਕਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਡੇ ਕਾਨੂੰਨ ਦੀਆਂ ਸੀਮਾਵਾਂ ਸੀਮਿਤ ਹਨ ਅਤੇ ਇਸ ਤਰ੍ਹਾਂ ਸਾਰੀ ਸਮੱਸਿਆ ਦਾ ਹੱਲ ਅਜੋਕੇ ਕਨੂੰਨ ਦੇ ਅੰਦਰ ਨਹੀਂ ਹੈ। ਇਹ ਕਾਰਵਾਈ ਜਿੱਥੇ ਜਮਹੂਰੀ ਹੱਕਾਂ ਦੇ ਪੈਂਦੇ ਛਾਪਿਆਂ ਉਤੇ ਠਲ੍ਹ ਪਾਉਣ ਲਈ ਲੋਕਾਂ ਵਿੱਚ ਜਮਹੂਰੀ ਭਾਵਨਾ ਪੈਦਾ ਕਰਦੀ ਹੈ, ਉਥੇ ਉਹਨਾਂ ਨੂੰ ਜਮਹੂਰੀ ਹੱਕਾਂ ਲਈ ਸੰਘਰਸ਼ ਕਰਨ ਲਈ ਲਾਮਬੰਦ ਕਰਨ ਲਈ ਹਾਲਾਤ ਪੈਦਾ ਕਰਦੀ ਹੈ।

ਜਮਹੂਰੀ ਅਧਿਕਾਰ ਸਭਾ, ਅਮ੍ਰਿਤਸਰ ਜ਼ਿਲ੍ਹਾ ਯੂਨਿਟ ਨੇ ਘਟਨਾ ਦੀ ਅਹਿਮੀਅਤ ਨੂੰ ਸਮਝਦਿਆਂ ਇਸ ਦੀ ਪੜਤਾਲ ਦਾ ਇਰਾਦਾ ਕੀਤਾ ਅਤੇ ਇਕ ਪੜਤਾਲ ਕਮੇਟੀ ਬਣਾਈ ਜਿਸ ਦੇ ਹੇਠ ਲਿਖੇ ਮੈਂਬਰ ਸਨ :—

1. ਸ੍ਰੀ ਯਸ਼ਪਾਲ, ਮੈਂਬਰ ਸਟੇਟ ਕਮੇਟੀ
2. ਡਾ. ਤੇਜਬੀਰ ਸਿੰਘ, ਮੈਂਬਰ ਸਟੇਟ ਕਮੇਟੀ
. ਸ. ਸਵਿੰਦਰ ਜੀਤ ਸਾਗਰ ਮੈਂਬਰ ਸਟੇਟ ਕਮੇਟੀ
4. ਸ. ਗੁਰਸ਼ਰਨ ਸਿੰਘ (ਪ੍ਰਸਿੱਧ ਨਾਟਕਕਾਰ)
5. ਸ. ਪ੍ਰਤਾਪ ਸਿੰਘ, ਪ੍ਰਧਾਨ, ਜ਼ਿਲ੍ਹਾ ਕਮੇਟੀ।

ਪੜਤਾਲ ਕਮੇਟੀ ਪੜਤਾਲ ਦੌਰਾਨ ਕਈ ਥਾਵਾਂ ਉਤੇ ਗਈ ਅਤੇ ਕਈ ਲੋਕਾਂ ਨੂੰ ਮਿਲੀ। ਐਸ. ਜੀ ਪੀ. ਸੀ. ਦੇ ਕਈ ਨੇਤਾਵਾਂ ਤੇ ਕਰਮਚਾਰੀਆਂ ਨੂੰ ਮਿਲੀ; ਜਿਵੇਂ ਕਿ ਸ. ਦਰਸ਼ਨ ਸਿੰਘ ਈਸਾਪੁਰੀ, ਸ. ਜਤਿੰਦਰ ਸਿੰਘ ਘੁੰਮਣ ਆਦਿ। ਕਮੇਟੀ ਭਾਨ ਸਿੰਘ ਨਾਗੋਕੇ ਦੇ ਪਰਿਵਾਰ ਵਾਲਿਆਂ ਨੂੰ ਵੀ ਮਿਲੀ। ਇਸੇ ਤਰ੍ਹਾਂ ਪੜਤਾਲ-ਕਮੇਟੀ ਖਲਦੀਆਂ ਜਾ ਕੇ ਟਰੈਕਟਰ ਦੁਕਾਨ ਦੇ ਮਾਲਕ ਸ. ਬਲਬੀਰ ਸਿੰਘ ਨੂੰ ਵੀ ਮਿਲੀ ਜਿਥੋਂ ਕੁਲਵੰਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੜਤਾਲ ਕਮੇਟੀ ਸ. ਪੂਰਨ ਸਿੰਘ ਸਿੰਘ ਹੁੰਦਲ, ਵਕੀਲ (ਅਮ੍ਰਿਤਸਰ) ਨੂੰ ਵੀ ਮਿਲੀ ਅਤੇ ਇਸ ਕੇਸ ਨਾਲ ਸਬੰਧਿਤ ਪੋਸਟ ਮਾਰਟਮ ਰਿਪੋਰਟ ਅਤੇ ਐਫ. ਆਈ. ਆਰ. ਦੀਆਂ ਕਾਪੀਆਂ ਪ੍ਰਾਪਤ ਕੀਤੀਆਂ। ਲੋਕਾਂ ਵਲੋਂ ਮਿਲੇ ਸਹਿਯੋਗ ਤੇ ਉਤਸ਼ਾਹ ਲਈ ਪੜਤਾਲ ਕਮੇਟੀ ਉਹਨਾਂ ਦੀ ਬੜੀ ਧੰਨਵਾਦੀ ਹੈ।

ਜਮਹੂਰੀ ਅਧਿਕਾਰ ਸਭਾ, ਅਮ੍ਰਿਤਸਰ ਇਸ ਵਿਸ਼ਵਾਸ਼ ਨਾਲ ਇਹ ਰਿਪੋਰਟ ਛਾਪ ਰਹੀ ਹੈ ਕਿ ਜਮਹੂਰੀਅਤ ਪਸੰਦ ਲੋਕਾਂ ਨੂੰ ਸਚਾਈ ਦਾ ਪਤਾ ਲੱਗੇ ਅਤੇ ਉਹ ਅਜੇਹੇ ਗੈਰ-ਜਮਹੂਰੀ ਕਾਰਜਾਂ ਦੀ ਨਿਖੇਧੀ ਕਰਨ ਅਤੇ ਇਸ ਦੇ ਖਿਲਾਫ਼ ਸੰਘਰਸ਼ ਕਰਨ ਲਈ ਲਾਮ-ਬੰਦ ਹੋ ਸਕਣ।

## ਘਟਨਾ ਦਾ ਵੇਰਵਾ

22 ਮਈ, 1982 ਨੂੰ ਅਮ੍ਰਿਤਸਰ ਜ਼ਿਲ੍ਹੇ ਦੇ ਪੱਟੀ ਸ਼ਹਿਰ ਵਿੱਚ ਗੋਲੀ ਕਾਂਡ ਹੋਇਆ। ਜਿਸ ਵਿੱਚ ਕੁਝ ਨਿਰੰਕਾਰੀ ਤੇ ਦੂਜੇ ਬੰਦੇ ਮਾਰੇ ਮਾਰੇ ਗਏ। ਇਹ ਗੋਲੀ ਕਾਂਡ ਕੁਝ ਸਿੱਖ ਨੌਜਵਾਨਾਂ ਵਲੋਂ ਕੀਤਾ ਦਸਿਆ ਜਾਂਦਾ ਹੈ। ਇਸ ਸਿਲਸਿਲੇ ਵਿੱਚ ਪੁਲਸ ਨੇ ਕਈ ਬੰਦਿਆਂ ਨੂੰ ਹਿਰਾਸਤ ਵਿਚ ਲਿਆ, ਜਿਨ੍ਹਾਂ ਵਿਚੋਂ ਇਕ ਸ: ਕੁਲਵੰਤ ਸਿੰਘ ਉਰਫ ਜਸਵੰਤ ਸਿੰਘ, ਪਿੰਡ ਨਾਗੋਕੇ, ਜ਼ਿਲ੍ਹਾ ਅਮ੍ਰਿਤਸਰ ਦਾ ਨਿਵਾਸੀ ਵੀ ਸੀ। ਪੁਲਸ ਅਨੁਸਾਰ ਉਸਦੀ ਗ੍ਰਿਫਤਾਰੀ 4-6-1982 ਨੂੰ ਹੋਈ ਸੀ।

ਜੁਲਾਈ 11 ਦੀ ਸਵੇਰੇ ਅਖ਼ਬਾਰ ਵਿੱਚ ਖ਼ਬਰ ਛਪੀ ਕਿ ਪੱਟੀ ਗੋਲੀ ਕਾਂਡ ਦਾ ਫੜਿਆ ਦੋਸ਼ੀ ਕੁਲਵੰਤ ਸਿੰਘ ਪੁਲਸ ਹਿਰਾਸਤ 'ਚੋਂ ਭੱਜਣ ਵਿੱਚ ਸਫ਼ਲ ਹੋ ਗਿਆ। ਦਸਿਆ ਗਿਆ ਕਿ 20-6-82 ਨੂੰ ਸਵੇਰੇ ਇਕ-ਡੇਢ ਵਜੇ ਉਹ ਉਸ ਵੇਲੇ ਭੱਜਣ ਵਿੱਚ ਸਫ਼ਲ ਹੋਇਆ ਜਦੋਂ ਉਸ ਨੂੰ ਸਦਰ ਥਾਣੇ ਤੋਂ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ

ਇਲਾਜ ਲਈ ਲਿਜਾਇਆ ਜਾ ਰਿਹਾ ਸੀ।

12 ਜੁਲਾਈ ਨੂੰ ਅਖ਼ਬਾਰਾਂ ਵਿਚ ਕੁਲਵੰਤ ਸਿੰਘ ਦੀ ਮੌਤ ਦੀ ਖ਼ਬਰ ਸੀ। ਇਸ ਵਿੱਚ ਦਸਿਆ ਗਿਆ ਸੀ ਕਿ ਉਸ ਦੀ ਮੌਤ ਪੁਲਸ ਮੁਕਾਬਲੇ ਨਾਲ ਹੋਈ ਸੀ। ਪੁਲਸ ਵਲੋਂ ਵੱਲੋ ਨਹਿਰ ਕੋਲ ਨਾਕਾਬੰਦੀ ਦੌਰਾਨ 2-80 ਵਜੇ ਪੁਲਸ ਦਾ ਤਿੰਨਾਂ ਨਿਹੰਗਾਂ ਨਾਲ ਮੁਕਾਬਲਾ ਹੋਇਆ। ਇਹਨਾਂ ਵਿਚੋਂ ਦੋ ਨੱਸਣ ਵਿੱਚ ਸਫਲ ਹੋ ਗਏ, ਪਰ ਤੀਜਾ ਕੁਲਵੰਤ ਸਿੰਘ ਮਾਰਿਆ ਗਿਆ।

## ਪੁਲਸ ਦਾ ਪੱਖ

ਪੁਲਸ ਦਾ ਪੱਖ ਜਾਨਣ ਲਈ ਪੜਤਾਲ ਕਮੇਟੀ ਕੋਲ ਐਫ. ਆਈ. ਆਰ. ਅਤੇ ਵਕੀਲਾਂ ਦੇ ਬਿਆਨ ਅਤੇ ਅਖ਼ਬਾਰਾਂ ਤੋਂ ਲਈਆਂ ਖ਼ਬਰਾਂ ਸਨ। ਇਨ੍ਹਾਂ ਤੋਂ ਹੇਠ ਲਿਖੇ ਤੱਥ ਪ੍ਰਾਪਤ ਹੁੰਦੇ ਹਨ :—

1. ਪਹਿਲੀ ਐਫ. ਆਈ. ਆਰ. ਜਿਸ ਦਾ ਸਬੰਧ ਕੁਲਵੰਤ ਸਿੰਘ ਦੀ ਗ੍ਰਿਫਤਾਰੀ ਨਾਲ ਸੀ ਪ੍ਰਾਪਤ ਨਹੀਂ ਹੋ ਸਕੀ। ਪਰ ਵਕੀਲ ਸ: ਪੂਰਨ ਸਿੰਘ ਹੁੰਦਲ ਨੇ ਦੱਸਿਆ ਕਿ ਪੁਲਸ ਅਨੁਸਾਰ ਕੁਲਵੰਤ 4-6-1982 ਨੂੰ ਗ੍ਰਿਫਤਾਰ ਕੀਤਾ ਗਿਆ।

2. ਦੂਜੀ ਐਫ. ਆਈ. ਆਰ. ਨੰ: 256 ਹੈ ਜੋ ਥਾਨਾ ਸਿਵਲ ਲਾਈਨ ਅਮ੍ਰਿਤਸਰ ਨੇ 10-6-82 ਨੂੰ ਸਵੇਰੇ 3 ਵਜੇ ਮਖਣ ਸਿੰਘ ਐਚ. ਸੀ. ਥਾਨਾ ਸਦਰ, ਅਮ੍ਰਿਤਸਰ ਵਲੋਂ ਭੇਜੀ ਗਈ ਰਿਪੋਟ ਨੰ: 47 ਦੇ ਆਧਾਰ ਉਤੇ ਦਰਜ ਕੀਤੀ ਹੈ।

ਇਸ ਅਨੁਸਾਰ 9 ਤੇ 10 ਜੂਨ ਦੀ ਦਰਮਿਆਨੀ ਰਾਤ ਨੂੰ ਦੋਸ਼ੀ ਨੇ ਕਰੀਬ ਇਕ ਵਜੇ ਹਵਾਲਾਤ ਵਿਚੋਂ ਰੌਲਾ ਪਾ ਕੇ ਸ਼ਿਕਾਇਤ ਕੀਤੀ ਕਿ ਉਸਦੀ ਛਾਤੀ ਵਿਚ ਦਰਦ ਹੋ ਰਿਹਾ ਹੈ। ਉਸ ਨੇ ਦਿਲ ਘਟਨ ਤੇ ਚੱਕਰ ਆਉਣ ਦੀ ਵੀ ਸ਼ਿਕਾਇਤ ਕੀਤੀ। ਉਸ ਨੂੰ ਤੁਰਤ ਹਵਾਲਾਤ ਵਿਚੋਂ ਕਢ ਲਿਆ ਗਿਆ ਅਤੇ ਸ. ਸੇਵਕ ਸਿੰਘ ਅਤੇ ਸ੍ਰੀ ਮੋਹਨ ਲਾਲ ਨਾਲ ਹੱਥਕੜੀ ਲਾ ਕੇ ਸਾਈਕਲ 'ਤੇ ਹਸਪਤਾਲ ਭੇਜਿਆ। ਪੁਲਸ ਕਰਮਚਾਰੀਆਂ ਕੋਲ ਰਾਇਫਲਾਂ ਅਤੇ 25/25 ਕਾਰਤੂਸ ਸਨ।

ਉਸ ਸਮੇਂ ਥਾਨੇ ਵਿੱਚ ਮੱਖਣ ਸਿੰਘ ਐਚ. ਸੀ. ਤੇ ਦੋ ਪੁਲਸ ਕਰਮਚਾਰੀਆਂ (ਉੱਪਰ ਦੱਸੇ) ਤੋਂ ਸਿਵਾ ਹੋਰ ਕੋਈ ਨਹੀਂ ਸੀ। ਸਾਰੇ ਅਫਸਰ ਨਾਕਾਬੰਦੀ 'ਤੇ ਗਏ ਸਨ। ਇਕ ਸਰਕਾਰੀ ਗੱਡੀ ਖ਼ਰਾਬ ਸੀ ਅਤੇ ਸਰਕਾਰੀ ਜੀਪ ਨਾਕਾਬੰਦੀ ਚੈਕ ਕਰਨ ਲਈ ਗਈ ਸੀ। ਥਾਣੇ ਦਾ ਟੈਲੀਫ਼ੋਨ ਵੀ ਕੰਮ ਨਹੀਂ ਕਰਦਾ ਸੀ।

ਦੋਵੇਂ ਕਰਮਚਾਰੀ ਕੁਲਵੰਤ ਸਿੰਘ ਨੂੰ ਲੈ ਕੇ ਹਸਪਤਾਲ ਲਈ 12-45 ਵਜੇ ਰਵਾਨਾ ਹੋਏ। ਗੁਰੂ ਤੇਗ਼ ਬਹਾਦਰ ਹਸਪਤਾਲ ਕੋਲ ਸ਼ਹੀਦਾਂ ਵਾਲੇ ਬੋਹੜ ਦੇ ਸਾਮਣੇ ਪੁਜੇ ਤਾਂ ਕੁਲਵੰਤ ਨੇ ਰੌਲਾ ਪਾਇਆ ਕਿ 'ਰੋਕੋ ਰੋਕੋ ਮੈਂ ਮਰਿਆ ਜੇ'। ਉਹਨਾਂ ਨੇ ਸਾਇਕਲ ਰੋਕ ਲਈ। ਕੁਲਵੰਤ ਸਿੰਘ ਨੇ ਝਟਕਾ ਮਾਰਕੇ ਆਪਣੀ ਹੱਥਕੜੀ ਨੂੰ ਛੁਡਾ ਲਈ ਤੇ ਕੰਪਨੀ ਬਾਗ਼ ਵੱਲ ਨੱਸ ਗਿਆ। ਜਾਂਦੇ ਹੋਏ ਮੁਜ਼ਰਿਮ 'ਤੇ ਦੋ ਦੋ ਫਾਇਰ ਕੀਤੇ ਗਏ ਪਰ ਉਹ ਭੱਜਣ ਵਿਚ ਸਫਲ ਹੋ ਗਿਆ।

3. ਐਫ. ਆਈ. ਆਰ. ਨੰ: 606 ਥਾਨਾ ਸਦਰ ਦੇ ਇੰਸਪੈਕਟਰ ਹਰਜੀਤ ਸਿੰਘ ਨੇ ਪਿੰਡ ਵੱਲੇ ਤੋਂ ਲਿਖ ਕੇ 11-6-82 ਨੂੰ ਭੇਜੀ ਸੀ। ਇਸ ਦੇ ਅਨੁਸਾਰ ਨਾਕਾਬੰਦੀ ਦੇ ਖਾਸ ਪ੍ਰੋਗ੍ਰਾਮ ਤਹਿਤ ਦੋ ਇੰਸਪੈਕਟਰ ਸ. ਹਰਜੀਤ ਸਿੰਘ (ਥਾਣਾ ਸਦਰ), ਸ. ਹਰਦੀਪ ਸਿੰਘ (ਸੀ. ਆਈ. ਏ), ਇਕ ਐਸ. ਆਈ ਸ. ਮਨੋਹਰ ਸਿੰਘ (ਸੀ. ਆਈ. ਏ); ਇਕ ਏ. ਐਸ. ਆਈ ਸ. ਅਜਮੇਰ ਸਿੰਘ (ਥਾਨਾ ਸਦਰ); ਦੋ ਹੈਡ ਕਾਂਸਟੇਬਲ ਸ. ਮੱਖਣ ਸਿੰਘ, ਸ. ਦਰਸ਼ਨ ਸਿੰਘ; ਦੋ ਕਾਂਸਟੇਬਲ ਸ. ਕਰਨੈਲ ਸਿੰਘ ਤੇ ਸ੍ਰੀ ਰਵੀ ਭੂਸ਼ਨ ਅਰਥਾਤ ਅੱਠ ਪੁਲਸ ਕਰਮਚਾਰੀ ਵੱਲੇ ਨਹਿਰ ਦੇ ਪੁਲ 'ਤੇ ਗਏ। ਏ. ਐਸ. ਆਈ ਤੇ ਉਪਰਲਿਆਂ ਕੋਲ ਰੀਵਾਲਵਰ ਸਨ ਅਤੇ ਹੇਠਲੇ ਕਰਮਚਾਰੀਆਂ ਕੋਲ 303 ਦੀਆਂ ਰਾਇਫਲਾਂ ਅਤੇ 50-50 ਕਾਰਤੂਸ ਸਨ। ਇਸ ਤੋਂ ਇਲਾਵਾ ਇੰਸਪੈਕਟਰ ਹਰਜੀਤ ਸਿੰਘ ਕੋਲ 'ਵੈਰੀ ਲਾਇਟ ਪਿਸਟਲ' ਸੀ।

ਲਗਭਗ 2-30 ਵਜੇ ਪੁਲਸ ਕਰਮਚਾਰੀਆਂ ਨੇ ਤਿੰਨ ਆਦਮੀਆਂ ਨੂੰ ਅਮ੍ਰਿਤਸਰ ਵੱਲੋਂ ਨਹਿਰੇ ਨਹਿਰ ਪੈਦਲ ਪਿੰਡ ਵੱਲੇ ਵੱਲ ਆਉਂਦੇ ਵੇਖਿਆ। ਨੇੜੇ ਆਉਣ ਉਤੇ ਪੁਲਸ ਕਰਮਚਾਰੀਆਂ ਨੇ ਉਹਨਾਂ ਨੂੰ ਚੈਲੰਜ ਕੀਤਾ ਤਾਂ ਉਹਨਾਂ ਕਿਹਾ ਕਿ ਉਹ ਪੁਲਸ ਵਾਲੇ ਹਨ। ਪੁਲਸ ਨੇ ਰੁਕਣ ਲਈ ਕਿਹਾ ਤਾਂ ਉਹਨਾਂ ਨੇ ਪੁਲਸ ਪਾਰਟੀ ਤੇ ਆਪਣੇ ਰਿਵਾਲਵਰਾਂ ਨਾਲ ਗੋਲੀ ਚਲਾਣੀ ਸ਼ੁਰੂ ਕਰ ਦਿੱਤੀ। ਜੁਆਬ ਵਿੱਚ ਇੰਸਪੈਕਟਰ ਪੁਲਸ ਨੇ ਵੀ ਫਾਇਰ ਕੀਤਾ। ਕਾਫੀ ਰੌਸ਼ਨੀ ਸੀ ਤੇ ਇਹ 'ਤਿੰਨ ਨਿਹੰਗ ਸਿੰਘ ਜਿਨ੍ਹਾਂ ਨੇ ਪੀਲੇ ਪਟਕੇ ਸਿਰ ਤੇ ਬੰਨ੍ਹੇ ਹੋਏ ਸਨ ਜੋ ਜਵਾਨ ਉਮਰ, ਦਾੜੀਆਂ ਖੁਲ੍ਹੀਆਂ; ਮਜ਼ਬੂਤ ਜਿਸਮਾਂ ਦੇ ਸਨ ਤੇ ਉਚੇ ਲੰਮੇ ਕੱਦ ਦੇ' ਵੇਖੇ।

ਪੰਜ/ਸੱਤ ਮਿੰਟ ਦੋਹਾਂ ਧਿਰਾਂ ਵਿਚਾਲੇ ਗੋਲੀ ਚਲਦੀ ਰਹੀ। ਤਿੰਨਾਂ ਵਿੱਚੋਂ ਇਕ ਜ਼ਖਮੀ ਹੋ ਕੇ ਡਿਗ ਪਿਆ ਤੇ ਬਾਕੀ ਦੋਵੇਂ ਭਜ ਗਏ। ਕੋਲ ਜਾ ਕੇ ਵੇਖਣ ਉਤੇ ਪੁਲਸ ਨੂੰ ਪਤਾ ਚੱਲਿਆ ਕਿ ਮਰਿਆ ਬੰਦਾ ਭਗੌੜਾ ਕੁਲਵੰਤ ਸਿੰਘ ਨਿਹੰਗ ਸੀ।

ਇਸ ਵਾਕਿਆ ਵਿਚ ਦੋ ਫਾਇਰ ਇੰਸਪੈਕਟਰ ਹਰਜੀਤ ਸਿੰਘ ਨੇ, ਦੋ ਫਾਇਰ ਹਰਦੀਪ ਸਿੰਘ ਨੇ, ਤਿੰਨ ਮਨੋਹਰ ਸਿੰਘ ਨੇ ਤੇ ਤਿੰਨ ਫਾਇਰ ਅਜਮੇਰ ਸਿੰਘ ਨੇ ਰੀਵਾਲਵਰਾਂ ਨਾਲ ਕੀਤੇ। ਇਸੇ ਤਰ੍ਹਾਂ ਮਖਣ ਸਿੰਘ, ਦਰਸ਼ਨ ਸਿੰਘ, ਕਰਨੈਲ ਸਿੰਘ ਤੇ ਰਵੀ ਭੂਸ਼ਨ ਨੇ ਤਿੰਨ ਤਿੰਨ ਫਾਇਰ ਆਪਣੀਆਂ ਰਾਇਫਲਾਂ ਨਾਲ ਕੀਤੇ। ਇਸ ਤਰ੍ਹਾਂ 10 ਫਾਇਰ ਰਿਵਾਲਵਰਾਂ ਦੇ ਤੇ 12 ਰਾਈਫਲਾਂ ਦੇ ਅਰਥਾਤ ਕੁੱਲ 22 ਫਾਇਰ ਪੁਲਸ ਵੱਲੋਂ ਕੀਤੇ ਗਏ।

ਮ੍ਰਿਤਕ ਕੁਲਵੰਤ ਸਿੰਘ ਦੇ ਸੱਜੇ ਹੱਥ ਵਿਚ ਇਕ ਰਿਵਾਲਵਰ 32 ਬੋਰ ਦਾ (ਪਾਕਿਸਤਾਨ ਦਾ ਬਣਿਆ) ਸੀ। ਉਸ ਦੇ ਹਥੋਂ ਫੜ ਕੇ ਇਸ ਨੂੰ ਅਨਲੋਡ ਕਰਕੇ ਵੇਖਿਆ ਗਿਆ। ਇਸ ਵਿਚੋਂ ਚਾਰ ਖੋਲ ਅਤੇ 2 ਜਿੰਦਾ ਕਾਰਤੂਸ ਮਿਲੇ। ਮੌਕੇ ਤੇ 12 ਬੋਰ ਦੇ ੯ ਖੋਲ ਵੱਖ ਵੱਖ ਥਾਵਾਂ ਤੋਂ ਪੁਲਸ ਨੂੰ ਮਿਲੇ।

ਪੁਲਸ ਦੇ ਪੱਖ ਤੋਂ ਹੇਠ ਲਿਖੇ ਨੁਕਤੇ ਮਿਲਦੇ ਹਨ ਜਿਨ੍ਹਾਂ ਬਾਰੇ ਅਗਾਂਹ ਚਰਚਾ ਕੀਤੀ ਜਾਵੇਗੀ।

1. ਪੁਲਸ ਅਨੁਸਾਰ ਕੁਲਵੰਤ ਸਿੰਘ 4-6-82 ਨੂੰ ਗ੍ਰਿਫਤਾਰ ਕੀਤਾ ਗਿਆ।

2. ਕੁਲਵੰਤ ਸਿੰਘ 10-6-82 ਨੂੰ ਸਵੇਰੇ 1-30 ਵਜੇ ਦੇ ਕਰੀਬ ਪੁਲਸ ਹਿਰਾਸਤ ਵਿਚੋਂ ਨੱਸ ਗਿਆ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ।

3. ਕੁਲਵੰਤ ਦੀ ਮੌਤ ਪੁਲਸ ਮੁਕਾਬਲੇ ਨਾਲ ਹੋਈ ਜਦੋਂ ਉਹ ਤੇ ਉਹਦੇ ਸਾਥੀਆਂ ਨੇ ਪੁਲਸ ਉਤੇ ਵੱਲੇ ਨਹਿਰ ਕੋਲ ਗੋਲੀ ਚਲਾਈ।

## ਕੁਲਵੰਤ ਦੇ ਰਿਸ਼ਤੇਦਾਰਾਂ ਦਾ ਪੱਖ

ਕੁਲਵੰਤ ਸਿੰਘ ਨਾਗੋਕੇ ਰਹਿੰਦਾ ਸੀ। ਭਾਨ ਸਿੰਘ ਨਾਗੋਕੇ ਉਸਦੇ ਸਰਪ੍ਰਸਤ ਸਨ। ਉਹਨਾਂ ਦੇ ਸਪੁਤਰ ਸ. ਨੌਰੰਗ ਸਿੰਘ ਅਨੁਸਾਰ ਜਿਸ ਦਿਨ ਪੱਟੀ ਵਾਲੀ ਘਟਨਾ ਹੋਈ ਉਸ ਦਿਨ ਉਹ ਪਿੰਡ ਵਿੱਚ ਸੀ। 22-5-82 ਨੂੰ ਉਹ ਟਰੈਕਟਰ ਬਨਵਾਉਣ ਲਈ ਖਲਚੀਆਂ ਅੱਡੇ 'ਤੇ ਆਇਆ ਜਿਥੋਂ ਉਸ ਦੀ ਗ੍ਰਿਫਤਾਰੀ ਹੋਈ। ਪੁਲਸ ਵਾਲੇ ਚਿੱਟੇ ਕੱਪੜਿਆਂ ਵਿੱਚ ਆਏ ਦੱਸੇ ਜਾਂਦੇ ਹਨ।

27-5-82 ਨੂੰ ਗ੍ਰਿਫਤਾਰੀ ਦੀ ਖ਼ਬਰ ਘਰ ਵਾਲਿਆਂ ਨੂੰ ਸ਼ਾਮ ਨੂੰ ਮਿਲ ਗਈ। ਘਰ ਵਾਲਿਆਂ ਨੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਕਿਸ ਥਾਣੇ ਵਿਚ ਹੈ। ਪਰ ਜਦ ਪਤਾ ਨਾ ਲੱਗਾ ਤਾਂ ਅਗਲੇ ਦਿਨ ਉਹਨਾਂ ਪ੍ਰਧਾਨ ਮੰਤਰੀ, ਗਵਰਨਰ, ਅਤੇ ਮੁਖ ਮੰਤਰੀ ਆਦਿ ਨੂੰ ਇਸ ਸਬੰਧ ਵਿੱਚ ਤਾਰਾਂ ਪਾਈਆਂ।

5-6-82 ਨੂੰ ਉਸ ਨੂੰ ਤਰਨ ਤਾਰਨ (ਜ਼ਿਲ੍ਹਾ ਅਮ੍ਰਿਤਸਰ) ਕਚਹਿਰੀ ਵਿਚ ਪੇਸ਼ ਕੀਤਾ ਗਿਆ ਅਤੇ ਉਸਦੇ ਫੜੇ ਜਾਣਾ 4-6-82 ਦੱਸਿਆ ਗਿਆ। ਘਰ ਵਾਲਿਆਂ ਨੂੰ ਇਸ ਦਾ ਪਤਾ ਨ ਲਗ ਸਕਿਆ। 8 ਤਰੀਕ ਫ਼ੇਰ ਪੇਸ਼ੀ ਹੋਈ, ਉਦੋਂ ਉਸਨੂੰ ਕੁਝ ਬੰਦਿਆਂ ਨੂੰ ਮਿਲਣ ਦਿਤਾ ਗਿਆ। ਇਸ ਤੋਂ ਮਗਰੋਂ 9 ਤਰੀਕ ਨੂੰ ਉਸ ਨੂੰ ਪੇਸ਼ ਕੀਤਾ ਗਿਆ। ਇਥੇ ਵੀ ਕੁਝ ਬੰਦਿਆਂ ਨੇ ਉਸ ਨਾਲ ਮੁਲਾਕਾਤ ਕੀਤੀ।

ਇਥੋਂ ਉਸ ਨੂੰ ਥਾਣਾ ਸਦਰ ਲੈ ਆਂਦਾ ਜਿੱਥੇ ਪੱਟੀ ਕੇਸ ਦੇ ਦੋ ਹੋਰ 'ਕਥਿਤ ਮੁਜ਼ਰਮ' ਅਮਰ ਸਿੰਘ (ਪੱਟੀ) ਅਤੇ ਸ ਸ਼ੇਰ ਸਿੰਘ (ਮੀਆਂ ਵਿੰਡ) ਵੀ ਸਨ। ਉਸੇ ਰਾਤ ਅਮਰ ਸਿੰਘ ਅਤੇ ਸ਼ੇਰ ਸਿੰਘ ਨੂੰ 8-00 ਵਜੇ ਰਾਮ ਬਾਗ ਥਾਣੇ ਪੁਛ ਗਿੱਛ ਲਈ ਲੈ ਜਾਇਆ ਗਿਆ। ਜਦੋਂ ਉਹ ਵਾਪਸ 3-00 ਵਜੇ ਲਿਆਂਦੇ ਗਏ ਤਾਂ ਕੁਲਵੰਤ ਸਿੰਘ ਹਵਾਲਾਤ ਵਿਚ ਨਹੀਂ ਸੀ।

11-6-82 ਨੂੰ ਕੁਲਵੰਤ ਸਿੰਘ ਦੇ ਪੁਲਸ ਹਿਰਾਸਤ ਵਿਚੋਂ ਭੱਜ ਜਾਣ ਦੀ ਸੂਚਨਾ ਅਖ਼ਬਾਰ ਤੋਂ ਮਿਲੀ। 12-6-82 ਨੂੰ ਕੁਲਵੰਤ ਸਿੰਘ ਦੀ ਪੁਲਸ ਮੁਕਾਬਲੇ ਨਾਲ ਹੋਈ ਮੌਤ ਦਾ ਵੀ ਪਤਾ ਅਖ਼ਬਾਰਾਂ ਤੋਂ ਹੀ ਲੱਗਾ। ਕੁਲਵੰਤ ਸਿੰਘ ਦੀ ਪਤਨੀ ਤੇ ਮੈਂ 'ਹੇਬੀਅਸ ਕਾਰਪਸ' ਦੀ ਹਾਈਕੋਰਟ ਵਿੱਚ ਅਪੀਲ ਕਰਨ ਚੰਡੀਗੜ੍ਹ ਗਏ ਸਾਂ।

ਘਰ ਵਾਲਿਆਂ ਦੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਕੁਲਵੰਤ ਸਿੰਘ ਦੀ ਗ੍ਰਿਫਤਾਰੀ ਬਾਰੇ ਪੁਲਸ ਬਿਆਨ ਅਤੇ ਪਰਵਾਰ ਵਾਲਾ ਬਿਆਨ ਵੱਖ ਹੈ, ਇਸ ਲਈ ਇਹ ਵੀ ਨੁਕਤਾ ਪੜਤਾਲ ਦੀ ਮੰਗ ਕਰਦਾ ਹੈ।

## ਸੁਖਵੰਤ ਸਿੰਘ ਦਾ ਬਿਆਨ

20 ਤਰੀਕ ਦੀਆਂ ਅਖ਼ਬਾਰਾਂ ਵਿਚ, ਖਾਸ ਕਰਕੇ 'ਪੰਜਾਬੀ ਟ੍ਰਿਬਿਊਨ' ਵਿੱਚ 'ਪੁਲੀਸ ਨੇ ਉਹਦੀ ਰੱਤ ਨਿਚੋੜੀ ?' ਸੁਰਖ਼ੀ ਹੇਠ ਇਕ ਖ਼ਬਰ ਪ੍ਰਕਾਸ਼ਿਤ ਹੋਈ। ਇਸ ਸੁਖਵੰਤ ਸਿੰਘ ਸਪੁਤ੍ਰ ਜਗੀਰ ਸਿੰਘ ਜਿਸਦੀ ਤੁਰਨ ਤਾਰਨ ਵਿਚ ਟੈਲੀਵੀਯਨ ਮੁਰੰਮਤ ਦੀ ਦੁਕਾਨ ਹੈ, ਪੁਲਸ ਵੱਲੋਂ 10-6-1982 ਨੂੰ ਜਬਰਦਸਤੀ ਖ਼ੂਨ ਕੱਢੇ ਜਾਣ ਦੀ ਖ਼ਬਰ ਸੀ। ਪੜਤਾਲ ਕਮੇਟੀ ਇਸ ਨੂੰ ਵੀ ਅੰਮ੍ਰਿਤਸਰ ਮਿਲੀ।

ਉਸ ਦੇ ਅਨੁਸਾਰ ਉਹ ਚੰਡੀਗੜ੍ਹ ਜਾਣ ਲਈ 9 ਜੂਨ ਦੀ ਰਾਤ ਕੋਈ 11 ਕੁ ਵਜੇ ਆਪਣੇ ਪਿਤਾ ਕੋਲ ਲੁਧਿਆਣੇ ਜਾਣ ਲਈ ਅੰਮ੍ਰਿਤਸਰ ਬੱਸ ਅੱਡੇ 'ਤੇ ਪਹੁੰਚਿਆ। ਚੰਡੀਗੜ੍ਹ ਵਾਲੀ ਬੱਸ ਨਿਕਲ ਗਈ ਸੀ। ਉਹ ਦੂਸਰੀ ਬੱਸ ਦੀ ਉਡੀਕ ਕਰਨ ਲਗ ਪਿਆ। ਕੋਈ ਸਵਾ ਗਿਆਰਾਂ ਵਜੇ ਉਸ ਨੇ ਕੁਝ ਪੁਲਸ ਕਰਮਚਾਰੀ ਇਕ

ਨਿਹੰਗ ਨੂੰ ਚੁਕੀ ਲਿਆਉਂਦੇ ਵੇਖੇ। ਉਹ ਉਪਰ ਪੁਲਸ ਚੌਂਕੀ ਜਾ ਰਹੇ ਸਨ। ਐਸ. ਆਈ. ਨੇ ਉਸ ਵੱਲ ਇਸ਼ਾਰਾ ਕਰਕੇ ਇਕ ਪੁਲਸ ਕਰਮਚਾਰੀ ਨੂੰ ਕਿਹਾ ਕਿ ਉਹ ਉਸਨੂੰ (ਸੁਖਵੰਤ ਸਿੰਘ ਨੂੰ) ਲੈ ਆਵੇ। ਉਸ ਨੂੰ ਜਬਰਦਸਤੀ ਫੜ ਕੇ ਉਪਰ ਲੈ ਜਾਇਆ ਗਿਆ।

ਇਕ ਸਿਪਾਹੀ ਨੇ ਬੇਹੋਸ਼ ਪਏ ਨਿਹੰਗ ਦੇ ਮੂੰਹ ਵਿਚ ਪਾਣੀ ਪਾਇਆ, ਪਰ ਪਾਣੀ ਅੰਦਰ ਨਾ ਲੰਘਿਆ। ਫੇਰ ਉਹ ਐਸ. ਆਈ. ਦੇ ਕਹਿਣ 'ਤੇ ਨਿਹੰਗ ਨੂੰ ਹੇਠਾਂ ਲੈ ਗਏ। ਸੁਖਵੰਤ ਨੂੰ ਮੰਜੀ ਤੇ ਬੰਨ੍ਹ ਦਿੱਤਾ ਗਿਆ। ਉਹ ਰਾਤ 'ਤੇ ਅਗਲਾ ਦਿਨ ਉਹ ਚੌਂਕੀ ਵਿੱਚ ਹੀ ਬਝਾ ਰਿਹਾ। 10 ਜੂਨ ਦੀ ਰਾਤ ਨੂੰ ਕੋਈ 11 ਕੁ ਵਜੇ ਐਸ. ਆਈ. ਇਕ ਨੌਜਵਾਨ ਨਾਲ ਆਇਆ। ਉਸਦੇ ਹੱਥ ਵਿੱਚ ਇਕ ਬੋਤਲ ਸੀ। ਉਸਨੇ ਦੋਨਾਂ ਬਾਹਵਾਂ 'ਚੋਂ ਖੂਨ ਕੱਢਿਆ ਗਿਆ। 11 ਜੂਨ ਨੂੰ ਵੀ ਉਸ ਨੂੰ ਚੌਂਕੀ ਵਿਚ ਹੀ ਰੱਖਿਆ। ਰਾਤ ਨੂੰ 8 ਕੁ ਵਜੇ ਉਹ ਚੌਂਕੀ ਤੋਂ ਕਿਸੇ ਤਰ੍ਹਾਂ ਭੱਜਣ ਵਿਚ ਸਫਲ ਹੋ ਗਿਆ।

ਪੁੱਛ ਗਿੱਛ ਤੋਂ ਬਾਅਦ ਸੁਖਵੰਤ ਸਿੰਘ ਦਾ ਬਿਆਨ ਹੇਠ ਲਿਖੇ ਕਾਰਨਾਂ ਕਰਕੇ ਬਹੁਤਾ ਵਿਸ਼ਵਾਸ਼ਯੋਗ ਨਹੀਂ ਜਾਪਿਆ :

1. ਸੁਖਵੰਤ ਸਿੰਘ ਅਨੁਸਾਰ ਪੁਲਸ ਚੌਂਕੀ ਤੋਂ ਭੱਜਣ ਵਾਲੀ ਗੱਲ ਬਹੁਤੀ ਜਚਦੀ ਨਹੀਂ। ਉਸਦੇ ਅਨੁਸਾਰ ਉਸ ਦੇ ਇਕੋ ਹੱਥ ਵਿਚ ਹੱਥਕੜੀ ਲੱਗੀ ਹੋਈ ਸੀ ਅਤੇ ਉਸਨੇ ਖਿਸਕਾ ਆਪਣਾ ਹੱਥ ਕੱਢ ਲਿਆ ਅਤੇ ਬੱਸ ਦੀ ਛੱਤ ਥਾਣੀਂ ਉਤਰ ਕੇ ਜਲੰਧਰ ਚਲਾ ਗਿਆ।
2. ਭਾਵੇਂ ਪੱਤਰਕਾਰਾਂ ਨੇ 11-6-82 ਨੂੰ ਵੱਲੇ ਜਾ ਕੇ ਖੂਨ ਦੀ ਬੋਤਲ ਪਈ ਵੇਖੀ ਸੀ, ਪਰ ਵੱਲੇ ਦੇ ਸਰਪੰਚ ਹਰਚਰਨ ਸਿੰਘ ਨੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ। ਉਸ ਦੇ ਬਿਆਨ ਅਨੁਸਾਰ ਉਸ ਨੂੰ ਘਰੋਂ ਸੱਦ ਕੇ ਏ. ਪੀ. ਪਾਂਡੇ (ਐਸ. ਪੀ.) ਨੇ ਦੱਸਿਆ ਕਿ ਕੁਲਵੰਤ ਸਿੰਘ ਪੁਲਸ ਨਾਲ ਮੁਠਭੇੜ ਵਿੱਚ ਮਾਰਿਆ ਗਿਆ ਸੀ ਅਤੇ ਉਸਦੀ ਲਾਸ਼ ਚੁੱਕਣ ਤੋਂ ਪਹਿਲਾਂ ਉਸਦੀ ਗਵਾਹੀ ਜ਼ਰੂਰੀ ਸੀ।
3. ਸ਼ੀਸ਼ੀ ਵਾਲੀ ਗੱਲ ਉਂਞ ਵੀ ਠੀਕ ਨਹੀਂ ਜਾਪਦੀ ਕਿਉਂਕਿ ਪੁਲਸ ਉਹਨਾਂ ਵਿੱਚ ਅਜੇਹੀ ਗਲਤੀ ਕਰ ਸਕਦੀ ਹੈ; ਜਦੋਂ ਕੋਈ ਕਾਹਲ ਹੋਵੇ ਅਤੇ ਇਸ ਕੰਮ ਲਈ ਇਕ ਅੱਧ ਬੰਦਾ ਭੇਜਿਆ ਗਿਆ ਹੋਵੇ। ਪੀ.ਡਬਲਯੂ.ਡੀ. ਸਟੋਰ ਦੇ ਚੌਂਕੀਦਾਰ ਮੋਹਨ ਸਿੰਘ ਦੇ ਬਿਆਨ ਤੋਂ ਇਹ ਸਪਸ਼ਟ ਹੈ ਕਿ ਪੁਲਸ ਕਾਫ਼ੀ ਗਿਣਤੀ ਵਿੱਚ ਸੀ। ਚੌਂਕੀਦਾਰ ਤੇ ਸਰਪੰਚ ਦੇ ਬਿਆਨ ਤੋਂ ਵੀ ਇਹ ਸਪਸ਼ਟ ਹੈ ਕਿ ਪੁਲਸ ਘਟਨਾ ਵਾਲੀ ਥਾਂ ਕੁਝ ਸਮਾਂ ਰਹੀ।
4. ਸਭ ਤੋਂ ਵੱਧ ਸ਼ੱਕੀ ਬਿਆਨ ਸੁਖਵੰਤ ਸਿੰਘ ਦਾ ਇਸ ਤੱਥ ਤੋਂ ਹੁੰਦਾ ਹੈ ਕਿ, ਉਸ ਦਾ ਅਕਾਲੀ ਰਾਜਨੀਤੀ ਨਾਲ ਸਬੰਧ ਹੈ ਅਤੇ ਹਰਿਆਣੇ ਹੋਈ ਘਟਨਾ ਨਾਲ ਵੀ ਉਹ ਇਸੇ ਤਰ੍ਹਾਂ ਚਮਤਕਾਰੀ ਢੰਗ ਨਾਲ ਸਬੰਧਿਤ ਰਿਹਾ ਹੈ।

ਅਜੇਹੀ ਸਥਿਤੀ ਵਿੱਚ ਪੜਤਾਲ ਕਮੇਟੀ ਮਹਿਸੂਸ ਕਰਦੀ ਹੈ ਕਿ ਸੁਖਵੰਤ ਸਿੰਘ ਦਾ ਬਿਆਨ ਇਸ ਘਟਨਾ ਦੇ ਸੱਚ ਵਲ ਵਧਣ ਲਈ ਬਹੁਤਾ ਫ਼ਾਇਦੇਮੰਦ ਨਹੀ।

ਤੱਥ ਪੜਤਾਲ ਕਮੇਟੀ ਦੇ ਸਾਮ੍ਹਣੇ ਤਿੰਨ ਮੁਖ ਨੁਕਤੇ ਸਨ :

(1) ਕੁਲਵੰਤ ਸਿੰਘ ਦੀ ਗ੍ਰਿਫ਼ਤਾਰੀ ਕਦੋਂ ਹੋਈ;

(2) ਕੀ ਉਹ ਪੁਲਸ ਹਿਰਾਸਤ 'ਚੋਂ ਨੱਸਿਆ; ਅਤੇ

(3) ਕੀ ਉਸਦੀ ਮੌਤ ਪੁਲਸ ਮੁਠ-ਭੇੜ ਨਾਲ ਹੋਈ।

ਹੇਠਾਂ ਇਹਨਾਂ ਨੁਕਤਿਆਂ ਬਾਰੇ ਤੱਥ ਪੜਤਾਲ ਕਮੇਟੀ ਵਲੋਂ ਲੱਭੇ ਤੱਥਾਂ ਦੇ ਆਧਾਰ ਤੇ ਚਰਚਾ ਕੀਤੀ ਜਾਵੇਗੀ :—

## 1. ਕੁਲਵੰਤ ਸਿੰਘ ਦੀ ਗ੍ਰਿਫ਼ਤਾਰੀ

ਭਾਵੇਂ ਪੁਲਸ ਦਾ ਪੱਖ ਇਹ ਹੈ ਕਿ ਉਹਨਾਂ ਕੁਲਵੰਤ ਸਿੰਘ ਨੂੰ 4-6-82 ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਇਹ ਦਰੁਸਤ ਨਹੀਂ। ਕੁਲਵੰਤ ਸਿੰਘ ਦੀ ਗ੍ਰਿਫ਼ਤਾਰੀ 27-5-82 ਨੂੰ ਖਲਚੀਆਂ ਤੋਂ ਹੋਈ ਜਦੋਂ ਉਹ ਟਰੈਕਟਰ ਠੀਕ ਕਰਵਾਉਣ ਲਈ ਆਇਆ ਸੀ। ਇਸ ਸਬੰਧ ਵਿੱਚ ਹੇਠ ਲਿਖੇ ਤੱਥ ਪੁਲਸ ਦਾਅਵੇ ਨੂੰ ਨਿਰਮੂਲ ਸਾਬਤ ਕਰਦੇ ਹਨ :

(ੳ) ਕੁਲਵੰਤ ਦੇ ਪਰਿਵਾਰ ਵਾਲੇ ਸਪਸ਼ਟ ਰੂਪ ਵਿੱਚ ਦਸਦੇ ਹਨ ਕਿ ਕੁਲਵੰਤ ਸਿੰਘ ਦੀ ਗ੍ਰਿਫ਼ਤਾਰੀ 27-5-82 ਖਲਚੀਆਂ ਤੋਂ ਹੋਈ। ਇਸ ਸਬੰਧ ਵਿੱਚ ਮਹਤਵਪੂਰਣ ਪ੍ਰਮਾਣ ਉਹਨਾਂ ਵੱਲੋਂ ਪ੍ਰਧਾਨ ਮੰਤਰੀ, ਗਵਰਨਰ ਤੇ ਮੁਖ ਮੰਤਰੀ ਆਦਿ ਦੇ ਨਾਂ ਭੇਜੀਆਂ ਤਾਰਾਂ ਹਨ। ਗ੍ਰਿਫ਼ਤਾਰੀ ਦੀ ਖ਼ਬਰ ਮਿਲਣ 'ਤੇ ਉਹਨਾਂ ਪਹਿਲਾਂ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਤੇ ਪਤਾ ਨ ਚੱਲਣ ਉਤੇ ਉਹਨਾਂ ਇਹ ਤਾਰਾਂ ਭੇਜੀਆਂ।

(ਅ) ਇਸ ਸਿਲਸਿਲੇ ਵਿਚ ਸਭ ਤੋਂ ਅਹਿਮ ਗਵਾਹੀ ਖਲਚੀਆਂ ਅੱਡੇ ਉਤੇ ਟਰੈਕਟਰ ਰੀਪੇਅਰ ਦੀ ਦੁਕਾਨ ਦੇ ਮਾਲਕ ਸ. ਬਲਬੀਰ ਸਿੰਘ ਦੀ ਹੈ। ਪੜਤਾਲ ਕਮੇਟੀ ਉਸ ਨੂੰ ਮਿਲੀ ਅਤੇ ਉਸਦਾ ਬਿਆਨ ਲਿਆ। ਉਸਨੇ ਦੱਸਿਆ ਕਿ 27-5-82 ਨੂੰ ਕੁਲਵੰਤ ਸਿੰਘ ਉਸ ਦੀ ਦੁਕਾਨ ਉਤੇ ਟਰੈਕਟਰ ਬਨਾਉਣ ਆਇਆ ਸੀ। ਕੋਈ ਤਿੰਨ

ਕੁ ਵਜੇ ਇਕ ਗੱਡੀ ਸੜਕ ਉਤੇ ਉਹਨਾਂ ਦੀ ਦੁਕਾਨ ਸਾਮ੍ਹਣੇ ਰੁਕੀ ਅਤੇ ਉਸ ਵਿਚੋਂ ਕੁਝ ਆਦਮੀ ਨਿਕਲੇ ਜੋ ਆਮ ਕੱਪੜਿਆਂ ਵਿੱਚ ਸਨ। ਕੁਲਵੰਤ ਸਿੰਘ ਆਪਣੇ ਧਿਆਨ ਵਿੱਚ ਸੀ। ਉਹਨਾਂ ਕੁਲਵੰਤ ਸਿੰਘ ਨੂੰ ਪਿੱਛੋਂ ਦਬੋਚ ਲਿਆ ਅਤੇ ਗੱਡੀ ਵਿਚ ਸੁਟਕੇ ਚਲੇ ਗਏ।

(ੲ) ਇਸ ਗੱਲ ਦਾ ਪਤਾ ਅਖ਼ਬਾਰ ਵਾਲਿਆਂ ਨੂੰ ਵੀ ਲੱਗ ਗਿਆ ਸੀ ਕਿ ਦੋ ਕਥਿਤ ਮੁਜ਼ਰਮ ਫੜ ਲਏ ਗਏ ਹਨ, ਪਰ ਉਹਨਾਂ ਨੂੰ ਉਹਨਾਂ ਦੇ ਨਾਵਾਂ ਬਾਰੇ ਪਤਾ ਨਹੀਂ ਲੱਗਾ ਸੀ ; 27-5-82 ਦੀ 'ਇੰਡੀਅਨ ਐਕਸਪ੍ਰੈਸ' ਵਿਚ ਇਹ ਖ਼ਬਰ ਲਗੀ ਸੀ ਕਿ ਕਿ ਪੱਟੀ ਗੋਲੀ ਕਾਂਡ ਦੇ ਦੋ ਕਥਿਤ ਮੁਜਰਿਮ ਹਿਰਾਸਤ ਵਿੱਚ ਲੈ ਲਏ ਗਏ ਹਨ। ਇਹ ਖਬਰ 28-5-82 ਦੀ ਸੀ। ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਸ. ਸ਼ੇਰ ਸਿੰਘ ਅਤੇ ਕੁਲਵੰਤ ਸਿੰਘ ਦੀ ਗ੍ਰਿਫਤਾਰੀ ਇਕੋ ਦਿਨ ਹੋਈ ਸੀ।

ਉਪਰੋਕਤ ਤੱਥਾਂ ਤੋਂ ਸਪਸ਼ਟ ਹੈ ਕਿ ਪੁਲਸ ਦਾ ਦਾਅਵਾ ਬੇਬੁਨਿਆਦ ਹੈ ਅਤੇ ਕੁਲਵੰਤ ਸਿੰਘ ਨੂੰ 27-6-82 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸਨੂੰ 6 ਦਿਨ ਗੈਰ-ਕਾਨੂੰਨੀ ਢੰਗ ਨਾਲ ਪੁਲਸ ਹਿਰਾਸਤ ਵਿੱਚ ਰੱਖਿਆ ਗਿਆ।

## 2. ਕੁਲਵੰਤ ਸਿੰਘ ਦਾ ਪੁਲਸ ਹਿਰਾਸਤ 'ਚੋਂ ਫਰਾਰ ਹੋਣਾ

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਪੁਲਸ ਅਨੁਸਾਰ ਕੁਲਵੰਤ ਸਿੰਘ ਪੁਲਸ ਹਿਰਾਸਤ 'ਚੋਂ ਉਦੋਂ ਨੱਸਣ ਵਿੱਚ ਸਫਲ ਹੋ ਗਿਆ, ਜਦੋਂ ਉਸ ਨੂੰ ਇਲਾਜ ਲਈ ਹਸਪਤਾਲ ਲੈ ਜਾਇਆ ਜਾ ਰਿਹਾ ਸੀ। ਹੇਠ ਲਿਖੇ ਨੁਕਤੇ ਇਸ ਸਬੰਧ ਵਿਚ ਧਿਆਨ ਦੇਣ ਯੋਗ ਹਨ :

(ੳ) ਪੁਲਸ ਅਨੁਸਾਰ ਕੁਲਲੰਤ ਸਿੰਘ ਨੂੰ ਦੋ ਪੁਲਸ ਕਰਮਚਾਰੀਆਂ ਨਾਲ ਸਾਇਕਲ ਉਤੇ ਗੁਰੂ ਤੇਗ ਬਹਾਦਰ ਹਸਪਤਾਲ ਭੇਜਿਆ ਗਿਆ। ਇਕ ਇਸ਼ਤਿਹਾਰੀ ਮੁਜਰਿਮ ਨੂੰ, ਜਿਸ ਲਈ ਦਸ ਹਜ਼ਾਰ ਦਾ ਇਨਾਸ ਰੱਖਿਆ ਗਿਆ ਸੀ, ਕੀ ਇਸ ਰੂਪ ਲਿੱਚ ਭੇਜਿਆ ਜਾਣਾ ਦਰੁਸਤ ਹੈ ?

(ਅ) ਐਫ.ਆਈ.ਆਰ ਤੋਂ ਪਤਾ ਲਗਦਾ ਹੈ ਕਿ 9 ਤੇ 10 ਜੂਨ ਦੀ ਦਰਮਿਆਨੀ ਰਾਤ ਨੂੰ ਮੱਖਣ ਸਿੰਘ ਹੈੱਡ-ਕੰਸਟੇਬਲ ਤੇ ਦੋ ਪੁਲਸ ਕਰਮਚਾਰੀ ਹੀ ਸਨ। ਬਾਕੀ ਸਾਰੇ ਨਾਕਾਬੰਦੀ ਉਤੇ ਗਏ ਸਨ। ਕਥਿਤ ਮੁਜਰਿਮ ਦੇ ਹੁੰਦਿਆਂ ਥਾਣੇ ਵਿੱਚ ਕੇਵਲ ਤਿੰਨ ਕਰਮਚਾਰੀ ਛੱਡਣਾ ਕੀ ਦਰੁਸਤ ਹੈ ? ਇਥੇ ਇਹ ਦਸਣਾ ਜ਼ਰੂਰੀ ਹੈ ਕਿ ਸਦਰ ਥਾਣਾ ਜੀ.ਟੀ. ਰੋਡ ਉਤੇ ਇਕ ਵਿਸ਼ੇਸ਼ ਮਹੱਤਵ ਵਾਲੀ ਥਾਂ ਉਤੇ ਹੈ।

(ੲ) ਜਿਸ ਥਾਂ ਤੋਂ ਕੁਲਵੰਤ ਸਿੰਘ ਭੱਜਿਆ ਦੱਸਿਆ ਜਾਂਦਾ ਹੈ, ਉਹ ਸ਼ਹੀਦਾਂ ਵਾਲਾ ਬੋਹੜ ਕੋਲ ਹੈ। ਇਥੋਂ ਕੰਪਨੀ ਬਾਗ਼ ਵਿਚ 50 ਗਜ਼ ਦੂਰ ਅਜਾਇਬ ਘਰ ਹੈ ਜਿੱਥੇ ਪੁਲਸ ਦਾ ਹਥਿਆਰਬੰਦ ਪਹਿਰਾ ਰਹਿੰਦਾ ਹੈ। ਅਜੇਹੀ ਹਾਲਤ ਵਿੱਚ ਜਦੋਂ ਕੁਲਵੰਤ ਸਿੰਘ ਭੱਜਿਆ ਤੇ ਪੁਲਸ ਵਾਲਿਆਂ ਨੇ ਗੋਲੀ ਚਲਾਈ ਤਾਂ ਪਹਿਰੇਦਾਰ ਨੇ ਕੋਈ ਕਾਰ-ਵਾਈ ਨਾ ਕੀਤੀ ?

(ਸ) ਐਸ.ਜੀ.ਪੀ.ਸੀ. ਦਾ ਇਕ ਮੁਲਾਜ਼ਮ ਜੇਠਾ ਉਸ ਦਿਨ ਸਵੇਰੇ ਤਿੰਨ ਕੁ ਵਜੇ ਹਸਪਤਾਲ ਗਿਆ ਸੀ। ਉਸਦੇ ਅਨੁਸਾਰ ਪੁਲਸ ਗੋਲੀਆਂ ਚਲਾ ਰਹੀ ਸੀ ਅਤੇ ਨਾਲੇ ਸਰਚਲਾਈਟ ਵੀ ਮਾਰੀ ਜਾ ਰਹੀ ਸੀ। ਸਪਸ਼ਟ ਹੈ ਕਿ ਇਹ ਘਟਨਾ ਭੱਜਣ ਵੇਲੇ ਦੀ ਨਹੀਂ ਹੋ ਸਕਦੀ। ਪਰ ਬਾਅਦ ਵਿੱਚ ਗੋਲੀ ਚਲਾਉਣ ਦੀ ਕੀ ਲੋੜ ਸੀ ?

(ਹ) ਐਫ.ਆਈ.ਆਰ. ਵਿੱਚ ਕੁਝ ਗੱਲਾਂ ਅਜੀਬ ਹਨ। ਥਾਣਾ ਸਦਰ ਵਿੱਚ ਕੇਵਲ ਤਿੰਨ ਪੁਲਸ ਕਰਮਚਾਰੀ ਹੀ ਸਨ। ਇਕ ਪੁਲਸ ਦੀ ਗੱਡੀ ਦਾ ਐਕਸਲ ਟੁੱਟਾ ਹੋਣ ਕਾਰਨ ਖ਼ਰਾਬ ਸੀ। ਦੂਜੀ ਨਾਕਾਬੰਦੀ ਚੈਕ ਕਰਨ ਲਈ ਗਈ ਸੀ। ਥਾਣੇ ਦਾ ਟੈਲੀਫ਼ੋਨ ਵੀ ਖ਼ਰਾਬ ਸੀ। ਇਹ ਸਾਰੇ ਤੱਥ ਸ਼ੱਕ ਪੈਦਾ ਕਰਦੇ ਹਨ। ਫੇਰ ਭਲਾ ਅਜੇਹੀ ਹਾਲਤ ਵਿਚ ਵਾਇਰਲੈਸ ਦਾ ਪ੍ਰਯੋਗ ਕਿਉਂ ਨਹੀਂ ਕੀਤਾ ਗਿਆ ?

ਉਪਰੋਕਤ ਸਾਰੇ ਤੱਥਾਂ ਤੋਂ ਇਹ ਪਤਾ ਚਲਦਾ ਹੈ ਕਿ ਪੁਲਸ ਦੀ ਹਿਰਾਸਤ ਵਿਚੋਂ ਕੁਲਵੰਤ ਸਿੰਘ ਦੇ ਭੱਜਣ ਦੀ ਗੱਲ ਬੇ-ਬੁਨਿਆਦ ਹੈ।

## 3. ਕਥਿਤ ਪੁਲਸ ਮੁਕਾਬਲਾ

ਪੁਲਸ ਅਨੁਸਾਰ ਕੁਲਵੰਤ ਸਿੰਘ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ। ਕੁਲਵੰਤ ਦੇ ਪਰਿਵਾਰ ਵਾਲਿਆਂ ਦਾ ਵਿਚਾਰ ਹੈ ਕਿ ਉਸਦੀ ਮੌਤ ਪੁਲਸ ਹਿਰਾਸਤ ਵਿੱਚ ਪੁਲਸ ਤਸ਼ਦਦ ਨਾਲ ਹੋਈ। ਇਸ ਉਤੇ ਪਰਦਾ ਪਾਉਣ ਲਈ ਹੀ 'ਪੁਲਸ ਮੁਕਾਬਲੇ' ਦਾ ਇਹ ਨਾਟਕ ਖੇਡਿਆ ਗਿਆ। ਇਸ ਸਬੰਧ ਵਿੱਚ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਪੋਸਟ-ਮਾਰਟਮ ਰਿਪੋਰਟ ਹੈ। ਪੋਸਟ ਮਾਰਟਮ ਤਿੰਨ ਡਾਕਟਰਾਂ ਦੇ ਪੈਨਲ ਨੇ ਕੀਤਾ ਸੀ, ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ : ਡਾ: ਫਿਲਿਪਸ, ਡਾ: ਬਲਦੇਵ ਸਿੰਘ ਅਤੇ ਡਾ. ਮਨਮੋਹਨ ਸਿੰਘ।

ਪੋਸਟ-ਮਾਰਟਮ ਰਿਪੋਰਟ ਤੋਂ ਇਹ ਸਪਸ਼ਟ ਹੈ ਕਿ ਕੁਲਵੰਤ ਸਿੰਘ ਦੀ ਮੌਤ ਪੁਲਸ ਤਸ਼ੱਦਦ ਨਾਲ ਨਹੀਂ ਸਗੋਂ ਗੋਲੀਆਂ ਵੱਜਣ ਨਾਲ ਹੋਈ ਸੀ। ਸ. ਪੂਰਨ ਸਿੰਘ ਹੁੰਦਲ, ਵਕੀਲ ਜੋ ਪੋਸਟ ਮਾਰਟਮ ਵੇਲੇ ਕੁਲਵੰਤ ਸਿੰਘ ਦੇ ਪਰਿਵਾਰ

ਵਲੋਂ ਸੀ, ਨੇ ਦੱਸਿਆ ਕਿ ਕੁਲਵੰਤ ਸਿੰਘ ਦੀ ਮੌਤ ਪੁਲਸ ਤਸ਼ੱਦਦ ਨਾਲ ਨਹੀਂ ਹੋਈ। ਉਹ ਕਾਫ਼ੀ ਚਿਰ ਤੱਕ ਪੁਲਸ ਦੇ ਵਕੀਲ ਰਹੇ ਹਨ। ਇਸੇ ਲਈ ਉਹਨਾਂ ਨੇ ਲਾਸ਼ ਦਾ ਪੋਸਟ ਮਾਰਟਮ ਵੱਖਰੇ ਡਾਕਟਰਾਂ ਦੇ ਪੈਨਲ ਤੋਂ ਕਰਵਾਉਣਾ ਠੀਕ ਨਹੀਂ ਸਮਝਿਆ।

ਪਰ ਫਿਰ ਵੀ ਇਹ ਸਵਾਲ ਰਹਿ ਜਾਂਦਾ ਹੈ ਕਿ ਕੀ ਇਹ ਪੁਲਸ ਮੁਕਾਬਲਾ ਸੀ ਜਿਵੇਂ ਕਿ ਪੁਲਸ ਦਾ ਦਾਅਵਾ ਹੈ ? ਇਸ ਸਿਲਸਿਲੇ ਵਿੱਚ ਹੇਠ ਲਿਖੇ ਤੱਥ ਵੇਖੇ ਜਾ ਸਕਦੇ ਹਨ :—

(ੳ) ਪੁਲਸ ਅਨੁਸਾਰ ਗੋਲੀ 5/7 ਮਿੰਟ ਚਲਦੀ ਰਹੀ। ਪੀ. ਡਬਲਯੂ. ਡੀ ਸਟੋਰ ਦੇ ਚੌਕੀਦਾਰ ਮੋਹਨ ਸਿੰਘ ਅਨੁਸਾਰ ਗੋਲੀ ਕੋਈ 20 ਕੁ ਮਿੰਟ ਚਲਦੀ ਰਹੀ। ਐਫ. ਆਈ. ਆਰ ਅਨੁਸਾਰ ਕੁਲ 22 ਗੋਲੀਆਂ ਚਲਾਈਆਂ ਗਈਆਂ। ਜੇ ਪੁਲਸ ਦੀ ਗੱਲ ਹੀ ਮੰਨ ਲਈ ਜਾਵੇ ਤਾਂ ਇਕ ਮਿੰਟ 'ਚ ਤਿੰਨ ਗੋਲੀਆਂ ਚਲਾਈਆਂ ਗਈਆਂ। ਰੀਪੋਰਟ ਅਨੁਸਾਰ 22 ਗੋਲੀਆਂ ਵਿਚੋਂ 13 ਗੋਲੀਆਂ ਕੁਲਵੰਤ ਸਿੰਘ ਦੇ ਜਿਸਮ ਨੂੰ ਵੱਜੀਆਂ। ਕੀ ਪੁਲਸ ਦਾ ਨਿਸ਼ਾਨਾ ਕੇਵਲ ਕੁਲਵੰਤ ਸਿੰਘ 'ਤੇ ਸੀ ? ਕੀ ਬਾਕੀ ਦੋ ਉਤੇ ਕੇਵਲ ਨੌਂ ਗੋਲੀਆਂ ਚਲਾਈਆਂ ਗਈਆਂ ? ਕੁਲਵੰਤ ਸਿੰਘ ਨੂੰ ਤੇਰਾਂ ਗੋਲੀਆਂ ਵੱਜੀਆਂ ਅਤੇ ਬਾਕੀ ਦੋਨਾਂ ਨੂੰ ਇਕ ਵੀ ਕਿਉਂ ਨਹੀਂ ?

(ਅ) ਪੋਸਟ ਮਾਰਟਮ ਰੀਪੋਰਟ ਅਨੁਸਾਰ ਮ੍ਰਿਤਕ ਨੂੰ 13 ਗੋਲੀਆਂ ਵੱਜੀਆਂ। ਇਹਨਾਂ 'ਚੋਂ ਇਕ ਗੋਲੀ ਖੱਬੀ ਲੱਤ ਤੇ ਵੱਜ ਕੇ ਦੂਜੇ ਪਾਸੇ ਲੰਘ ਗਈ। ਇਸੇ ਤਰ੍ਹਾਂ ਦੋ ਸੱਜੇ ਪੱਟ ਉਤੇ ਵੱਜ ਕੇ ਦੂਜੇ ਪਾਸੇ ਨਿਕਲ ਗਈਆਂ ਹਨ। ਇਕ ਗੋਲੀ ਲਿੰਗ ਵਾਲੀ ਥਾਂ, ਦੋ ਸੱਜੀ ਬਾਂਹ 'ਤੇ ਜਿਸ ਚੋਂ ਇਕ ਦੂਜੇ ਪਾਸੇ ਲੰਘ ਗਈ ਅਤੇ ਇਕ ਢਿਡ ਦੇ ਉਪਰਲੇ ਪਾਸੇ ਵੱਜ ਕੇ ਦੂਜੇ ਪਾਸੇ ਚਲੀ ਗਈ। ਛਾਤੀ ਉਤੇ ਸੱਜੇ ਪਾਸੇ ਤਿੰਨ ਗੋਲੀਆਂ ਵੱਜੀਆਂ, ਜਿਨ੍ਹਾਂ ਵਿਚੋਂ ਇਕ ਦੂਜੇ ਪਾਸੇ ਲੰਘ ਗਈ। ਦੋ ਗੋਲੀਆਂ ਮੱਥੇ ਉਤੇ ਅਤੇ ਇਕ ਅੱਖ ਦੇ ਨਾਲ ਖੱਬੀ ਗਲ੍ਹ ਦੇ ਉਪਰ ਵੱਜੀ। ਇਸ ਤਰ੍ਹਾਂ 13 ਗੋਲੀਆਂ ਵਿਚੋਂ 6 ਗੋਲੀਆਂ ਸਰੀਰ ਦੇ ਦੂਜੇ ਪਾਸੇ ਲੰਘੀਆਂ। ਇਹ ਸਾਰੀਆਂ ਗੋਲੀਆਂ ਸਾਹਮਣੇ ਪਾਸਿਓਂ ਵੱਜ ਕੇ ਪਿਛਲੇ ਪਾਸਿਓਂ ਲੰਘੀਆਂ ਹਨ। ਇਹ ਤੱਥ ਦੋ ਸੰਭਾਵਨਾਵਾਂ ਵੱਲ ਸੰਕੇਤ ਕਰਦੇ ਹਨ : ਪਹਿਲਾ ਇਹ ਕਿ ਗੋਲੀਆਂ ਨੇੜਿਓਂ ਮਾਰੀਆਂ ਗਈਆਂ ਅਤੇ ਦੂਜਾ ਇਹ ਕਿ 13 ਗੋਲੀਆਂ ਮ੍ਰਿਤਕ ਨੂੰ ਸਿੱਧੇ ਖੜਿਆਂ ਵੱਜੀਆਂ। ਕਿਉਂਕਿ ਇਕ ਗੋਲੀ ਵੱਜਣ 'ਤੇ ਖੜਾ ਰਹਿ ਸਕਣਾ ਸੰਭਵ ਨਹੀਂ ਹੈ, ਇਸ ਲਈ ਸਪਸ਼ਟ ਹੈ ਕਿ ਮ੍ਰਿਤਕ ਨੂੰ ਸਿੱਧਾ ਬੰਨ੍ਹਿਆ ਗਿਆ ਹੋਵੇਗਾ।

(ੲ) ਇਕ ਗੋਲੀ ਮ੍ਰਿਤਕ ਦੇ ਖੱਬੀ ਲੱਤ ਵਿੱਚ ਬਹੁਤ ਹੇਠਾਂ ਵੱਜੀ ਹੈ ਜੋ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਗੋਲੀ ਵਜਣ ਵੇਲੇ ਮ੍ਰਿਤਕ ਖੜਾ ਸੀ ਅਤੇ ਗੋਲੀ ਬਹੁਤ ਨੇੜਿਓਂ ਮਾਰੀ ਗਈ ਸੀ। ਦੂਰੋਂ ਹਮੇਸ਼ਾ ਗੋਲੀ ਕਮਰ ਦੇ ਉਪਰ ਉਪਰ ਵੱਜਣ ਦੀ ਸੰਭਾਵਨਾ ਹੁੰਦੀ ਹੈ। ਕੀ ਕੁਲਵੰਤ ਪੁਲਸ ਦੀਆਂ ਤੇਰਾਂ ਗੋਲੀਆਂ ਖਾਣ ਲਈ ਖੜਾ ਰਿਹਾ ?

(ਸ) ਮ੍ਰਿਤਕ ਦੇ ਹੱਥ ਵਿੱਚ 32 ਬੋਰ ਦਾ ਰਿਵਾਲਵਰ ਫੜਿਆ ਦੱਸਿਆ ਜਾਂਦਾ ਹੈ। ਪਰ ਇਹ ਵੀ ਗੱਲ ਅਜੀਬ ਲਗਦੀ ਹੈ ਕਿ ਤੇਰਾਂ ਗੋਲੀਆਂ ਵਜਣ ਤੇ ਵੀ ਉਸ ਨੇ ਰਿਵਾਲਵਰ ਨ ਛੱਡਿਆ।

(ਹ) ਪੋਸਟ ਮਾਰਟਮ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲਾਸ਼ ਚਿਕੜ ਤੇ ਘੱਟੇ ਨਾਲ ਲਿਬੜੀ ਹੋਈ ਸੀ। ਇਹ ਤਦ ਹੀ ਸੰਭਵ ਹੈ ਜੇ ਮ੍ਰਿਤਕ ਗੋਲੀ ਲੱਗਣ ਤੇ ਡਿੱਗ ਕੇ ਤੜਫਿਆ ਹੋਵੇ। ਪਰ ਜਿੰਨੀਆਂ ਗੋਲੀਆਂ ਉਸ ਨੂੰ ਵੱਜੀਆਂ ਹਨ ਉਸ ਨਾਲ ਤਾਂ ਫੌਰਨ ਮਰ ਜਾਣਾ ਚਾਹੀਦਾ ਹੈ। ਪਰ ਫੇਰ ਲਾਸ਼ ਚਿੱਕੜ ਤੇ ਘੱਟੇ ਨਾਲ ਕਿਉਂ ਲਿਬੜੀ ਹੋਈ ਸੀ ?

(ਕ) ਪੁਲਸ ਅਨੁਸਾਰ ਮੌਤ ਹੋਣ ਦਾ ਸਮਾਂ ਰਾਤ 2-30 ਵਜੇ ਸੀ। ਪੋਸਟ ਮਾਰਟਮ ਦਾ ਸਮਾਂ 10-30 ਵਜੇ ਦਿਨੇ ਸੀ। ਪੋਸਟ ਮਾਰਟਮ ਅਨੁਸਾਰ ਮੌਤ ਤੇ ਪੋਸਟ ਮਾਰਟਮ ਵਿਚਾਲੇ ਲਗਭਗ ਕੋਈ 12 ਘੰਟੇ ਦਾ ਸਮਾਂ ਹੈ। ਪੋਸਟ ਮਾਰਟਮ ਰਿਪੋਰਟ ਵਿੱਚ ਇਸ ਗੱਲ ਦਾ ਉਲੇਖ ਹੈ ਕਿ ਮ੍ਰਿਤਕ ਦੇ ਸਰੀਰ ਤੇ ਕੱਪੜੇ ਤੇ ਕੀੜੀਆਂ ਚੜ੍ਹੀਆਂ ਸਨ। ਇਸ ਤੋਂ ਸੰਭਵ ਹੈ ਕਿ ਲਾਸ਼ ਬਹੁਤ ਚਿਰ ਉਥੇ ਹੀ ਪਈ ਰਹੀ ਹੋਵੇ। ਪਰ ਮੌਤ ਤੇ ਪੋਸਟ ਮਾਰਟਮ ਵਿਚਾਲੇ ਐਨਾ ਸਮਾਂ ਕਿਉਂ ਲਾਇਆ ਗਿਆ ? ਲਾਸ਼ ਬਹੁਤਾ ਚਿਰ ਉਥੇ ਕਿਉਂ ਪਈ ਰਹਿਣ ਦਿੱਤੀ ਗਈ ?

(ਖ) ਐਫ. ਆਈ. ਆਰ. ਅਨੁਸਾਰ ਤਿੰਨੇ ਨਿਹੰਗਾਂ ਨੇ ਪੀਲੇ ਪਟਕੇ ਬੰਨ੍ਹੇ ਹੋਏ ਸਨ, ਪਰ ਪੋਸਟ ਮਾਰਟਮ ਰਿਪੋਰਟ ਵਿੱਚ ਤਿੰਨਾਂ ਪੱਗਾਂ ਦਾ ਜ਼ਿਕਰ ਹੈ। ਇਹ ਅੰਤਰ ਦਾ ਕੀ ਅਰਥ ਹੈ ?

(ਗ) ਐਫ਼. ਆਈ. ਆਰ. ਵਿਚ ਦਿਤੇ ਗਏ ਤੱਥ ਵੀ ਸ਼ੱਕੀ ਜਾਪਦੇ ਹਨ।

(1) ਪੁਲਸ ਨੇ ਤਿੰਨ ਬੰਦਿਆਂ ਨੂੰ ਆਉਂਦਿਆਂ ਦੇਖਿਆ ਤਾਂ ਰੁਕਣ ਲਈ ਕਿਹਾ ਅੱਗੋਂ ਉਹਨਾਂ ਨੇ ਕਿਹਾ ਕਿ ਅਸੀਂ ਪੁਲਸ ਦੇ ਬੰਦੇ ਹਾਂ। ਦੁਬਾਰਾ ਲਲਕਾਰਾ ਮਾਰਨ 'ਤੇ ਉਹਨਾਂ ਨੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਐਫ. ਆਈ. ਆਰ. ਅਨੁਸਾਰ ਕਾਫੀ ਰੋਸ਼ਨੀ ਸੀ ਅਤੇ ਉਹ ਤਿੰਨੇ ਨਿਹੰਗ ਸਿੰਘ (ਸਨ) ਜਿਨ੍ਹਾਂ ਨੇ ਪੀਲੇ ਪਟਕੇ ਸਿਰ ਤੇ ਬੰਨ੍ਹੇ ਹੋਏ ਸਨ ਜੋ ਜਵਾਨ ਉਮਰ ਦਾੜ੍ਹੀਆਂ ਖੁਲ੍ਹੀਆਂ ਮਜ਼ਬੂਤ ਜਿਸਮਾਂ ਦੇ ਸਨ ਤੇ ਉਚੇ ਕੱਦ ਦੇ ਸਨ'। ਸਪਸ਼ਟ ਹੈ ਕਿ ਉਹ ਨੇੜੇ ਹੋਣਗੇ, ਪਰ ਅਜੇਹੀ ਹਾਲਤ ਵਿਚ ਉਹਨਾਂ ਆਪਣੇ ਆਪ ਨੂੰ ਪੁਲਸ ਵਾਲੇ ਕਿਉਂ ਕਿਹਾ ?

(2) ਪੁਲਸ ਕੋਲ ਹਥਿਆਰਾਂ ਦਾ ਵੇਰਵਾ ਦੇਂਦਾ ਐਫ. ਆਈ. ਆਰ. ਦਸਦਾ ਹੈ ਕਿ ਹਰਜੀਤ ਸਿੰਘ ਇੰਸਪੈਕਟਰ ਕੋਲ ਇਕ 'ਵੈਰੀ ਲਾਈਟ ਪਿਸਟਲ' ਵੀ ਸੀ। ਪਰ ਗੋਲੀਆਂ ਚਲਾਉਣ ਦਾ ਵੇਰਵਾ ਦੇਂਦੇ ਇਕ ਥਾਂ 'ਤੇ ਲਿਖਿਆ ਗਿਆ ਹੈ ਕਿ 'ਐਸ. ਆਈ. ਮਨੋਹਰ ਸਿੰਘ ਨੇ ਵੈਰੀ ਲਾਈਟ ਪਿਸਟਲ ਦਾ ਇਕ ਫਾਇਰ ਕੀਤਾ।' ਇਹ ਵਿਰੋਧੀ ਗੱਲ ਕਿਉਂ ?

ਇਹ ਸਾਰੀਆਂ ਗੱਲਾਂ ਇਸ ਤੱਥ ਦੀ ਗਵਾਹੀ ਦੇਂਦੀਆਂ ਹਨ ਕਿ ਪੁਲਸ ਦਾ ਦਾਅਵਾ ਬੇ-ਬੁਨਿਆਦ ਹੈ ਕਿ ਕੁਲਵੰਤ ਸਿੰਘ ਦੀ ਮੌਤ 'ਪੁਲਸ ਮੁਕਾਬਲੇ' ਨਾਲ ਹੋਈ। ਸਪਸ਼ਟ ਹੈ ਕਿ ਪੁਲਸ ਨੇ ਉਸ ਨੂੰ ਬੰਨ੍ਹ ਕੇ ਗੋਲੀ ਨਾਲ ਉਡਾ ਦਿੱਤਾ।

## ਸਿੱਟੇ :

ਸਾਰੀ ਪੜਤਾਲ ਤੋਂ ਬਾਅਦ ਕਮੇਟੀ ਹੇਠ ਲਿਖੇ ਸਿੱਟੇ ਤੇ ਪੁੱਜੀ :—

1. ਕੁਲਵੰਤ ਸਿੰਘ 27–5–82 ਨੂੰ ਖਲਚੀਆਂ ਤੋਂ ਗ੍ਰਿਫਤਾਰ ਹੋਇਆ ਸੀ ਅਤੇ ਪੁਲਸ ਉਸ ਨੂੰ 5-6-82 ਨੂੰ ਅਦਾਲਤ 'ਚ ਪੇਸ਼ ਕੀਤਾ। ਇਸ ਤਰ੍ਹਾਂ ਉਸ ਨੂੰ 6 ਦਿਨ ਗੈਰ-ਕਾਨੂੰਨੀ ਢੰਗ ਨਾਲ ਪੁਲਸ ਹਿਰਾਸਤ ਵਿਚ ਰੱਖਿਆ ਗਿਆ।
2. ਕੁਲਵੰਤ ਸਿੰਘ ਪੁਲਸ ਹਿਰਾਸਤ 'ਚੋਂ ਨਹੀਂ ਭੱਜਾ ਜਿਵੇਂ ਕਿ ਪੁਲਸ ਦਾ ਕਥਨ ਹੈ।
3. ਕੁਲਵੰਤ ਸਿੰਘ ਦੀ ਮੌਤ ਪੁਲਸ ਮੁਕਾਬਲੇ ਨਾਲ ਨਹੀਂ ਹੋਈ, ਸਗੋਂ ਉਸ ਨੂੰ ਬੰਨ੍ਹ ਕੇ ਮਾਰਿਆ ਗਿਆ।
4. ਕੁਲਵੰਤ ਸਿੰਘ ਦੀ ਮੌਤ ਪੁਲਸ ਤਸ਼ੱਦਦ ਨਾਲ ਨਹੀਂ ਹੋਈ। ਇਹ ਇਕ ਗਿਣੇ ਮਿਥੇ ਪ੍ਰੋਗਰਾਮ ਦਾ ਨਤੀਜਾ ਜਾਪਦਾ ਹੈ। ਪੁਲਸ ਹਿਰਾਸਤ ਵਿਚੋਂ ਭੱਜ ਜਾਣ ਦਾ ਨਾਟਕ ਇਸੇ ਪਾਸੇ ਇਸ਼ਾਰਾ ਕਰਦਾ ਹੈ। ਪੁਲਸ ਦੀ ਹਿਰਾਸਤ ਵਿੱਚੋਂ ਭੱਜਣ ਦੀ ਖਬਰ ਦੀ ਅਸਲੀਅਤ ਤੋਂ ਲੋਕ ਜਾਣੂੰ ਹਨ। ਕੁਲਵੰਤ ਸਿੰਘ ਦੇ ਭੱਜਣ ਦੀ ਖ਼ਬਰ ਨਾਲ ਹੀ ਉਸ ਨੂੰ ਮਾਰ ਦਿਤੇ ਜਾਣ ਦੀ ਸੰਭਾਵਨਾ ਦੇ ਤਿੰਨ ਬਿਆਨ ਵੀ ਪ੍ਰਕਾਸ਼ਿਤ ਹੋਏ ਸਨ।

   ਇਸ ਤੋਂ ਇਲਾਵਾ ਹੋਰ ਕਈ ਤੱਥ ਇਸ ਸਿਲਸਿਲੇ ਵਿੱਚ ਵੇਖੇ ਜਾ ਸਕਦੇ ਹਨ; ਜਿਵੇਂ ਐਫ. ਆਈ. ਆਰ. ਵਿਚ ਥਾਣਾ ਸਦਰ :-10 ਜੂਨ ਦੀ ਰਾਤ ਨੂੰ ਤਿੰਨ ਹੀ ਕਰਮਚਾਰੀ ਹਾਜ਼ਰ ਦਿਖਾਉਣਾ; ਗੱਡੀ ਤੇ ਟੈਲੀਫੋਨ ਖਰਾਬ ਹੋਣਾ। ਸੇਵਕ ਸਿੰਘ ਤੇ ਮੋਹਨ ਲਾਲ ਦੋ ਕੰਸਟੇਬਲਾਂ ਨੂੰ, ਜਿਨ੍ਹਾਂ ਦੀ ਹਿਰਾਸਤ 'ਚੋਂ ਕੁਲਵੰਤ ਸਿੰਘ ਭੱਜਿਆ ਦੱਸਿਆ ਗਿਆ ਹੈ, ਫੌਰਨ ਮੁਅੱਤਲ ਕਰ ਦੇਣਾ ਅਤੇ ਉਹਨਾਂ ਦੇ ਖਿਲਾਫ 223 ਆਈ. ਪੀ. ਸੀ. ਅਧੀਨ ਕੇਸ ਰਜਿਸਟਰ ਕਰ ਲੈਣਾ।
5. ਮੁਜਰਮ ਨੂੰ ਹਸਪਤਾਲ ਦੋ ਪੁਲਸ ਕਰਮਚਾਰੀਆਂ ਨਾਲ ਭੇਜਣ ਦਾ ਫੈਸਲਾ ਹੈਡ ਕੰਸਟੇਬਲ ਮੱਖਣ ਸਿੰਘ ਨੇ ਲਿਆ ਸੀ। ਕੀ ਅਜੇਹੇ ਅਹਿਮ ਮਸਲੇ ਬਾਰੇ ਥਾਣੇ ਦਾ ਮੁਨਸ਼ੀ ਆਪ ਫੈਸਲਾ ਲੈ ਸਕਦਾ ਹੈ ? ਕੀ ਉਹ ਦੂਜੇ ਥਾਣੇ ਤੋਂ ਜੀਪ ਨਹੀਂ ਮੰਗਵਾ ਸਕਦਾ ਸੀ ? ਪਰ ਇਸ ਪੁਲਸ ਕਰਮਚਾਰੀ ਦੇ ਦੋਸ਼ ਤੇ ਕਿਉਂ ਸਜ਼ਾ ਨਹੀਂ ਦਿਤੀ ਗਈ, ਜਦ ਕਿ ਦੂਜੇ ਦੋ ਕਰਮਚਾਰੀਆਂ ਨੂੰ 'ਸਸਪੈਂਡ' ਕਰ ਦਿੱਤੀ ਗਿਆ ਹੈ ?
6. ਸਜ਼ਾ ਦੇਣੀ ਦਾ ਦੂਜੇ ਪਾਸੇ ਕੁਲਵੰਤ ਸਿੰਘ ਨਾਲ ਹੋਏ ਪੁਲਸ ਮੁਕਾਬਲੇ' ਵਾਲੇ ਦਿਨ ਉਸ ਨੂੰ ਨਾਕਾਬੰਦੀ ਵਿੱਚ ਲੈ ਜਾਇਆ ਗਿਆ। ਇਕ ਥਾਣੇ ਦਾ ਮੁਨਸ਼ੀ ਕਿਵੇਂ ਥਾਣੇ ਤੋਂ ਬਾਹਰ ਨਾਕਾਬੰਦੀ ਲਈ ਜਾ ਸਕਦਾ ਹੈ ? ਖਾਸ ਤੌਰ ਉਤੇ ਜਦੋਂ ਪਹਿਲੇ ਦਿਨ ਨਹੀਂ ਗਿਆ ਸੀ।
7. ਪੁਲਿਸ ਵਾਲਿਆਂ ਦੀ ਸੋਚੀ ਸਮਝੀ ਸਾਜ਼ਿਸ਼ ਦਾ ਪਤਾ ਇਸ ਤੱਥ ਤੋਂ ਵੀ ਲਗ ਜਾਂਦਾ ਹੈ ਕਿ ਕੁਲਵੰਤ ਸਿੰਘ ਨੂੰ 27–5–82 ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਪੁਲਸ ਨੇ 4–6–82 ਨੂੰ ਗ੍ਰਿਫਤਾਰ ਦੱਸਿਆ। ਪਰ ਦਸ ਤਾਰੀਖ਼ ਤੋਂ ਪਹਿਲਾਂ ਜਿਨ੍ਹਾਂ ਮੁਜ਼ਰਮਾਂ ਨੂੰ ਫਰਾਰ ਘੋਸ਼ਿਤ ਕਰਕੇ ਉਸ ਦੇ ਸਿਰ ਦੀ ਕੀਮਤ 10 ਹਜ਼ਾਰ ਰੱਖੀ ਉਹਨਾਂ ਵਿਚੋਂ ਇਕ ਕੁਲਵੰਤ ਸਿੰਘ ਵੀ ਸੀ। ਗ੍ਰਿਫਤਾਰ ਮੁਜਰਿਮ ਬਾਰੇ ਇਨਾਮ ਐਲਾਨ ਕਰਨ ਦੀ ਕੀ ਲੋੜ ਸੀ ?

## ਮੰਗ :

ਕਮੇਟੀ ਇਹ ਵੀ ਮਹਿਸੂਸ ਕਰਦੀ ਹੈ ਕਿ ਗੈਰ ਕਾਨੂਨੀ ਢੰਗ ਨਾਲ ਕਿਸੇ ਮੁਜਰਮ ਨੂੰ ਪੁਲਸ ਹਿਰਾਸਤ ਵਿੱਚ ਰਖਣਾ ਤੇ ਕਾਨੂਨ ਸਾਮ੍ਹਣੇ ਉਸ ਦੇ ਅਪਰਾਧਾਂ ਦੇ ਸਾਬਤ ਨ ਹੋਣ ਤੋਂ ਪਹਿਲਾਂ ਹੀ ਸਜਾ ਦੇਣਾ ਇਕ ਗੈਰ ਜਮਹੂਰੀ ਕਾਰਜ ਹੈ। ਅਜੇਹੀਆਂ ਘਟਨਾਵਾਂ ਦੀ ਪੜਤਾਲ ਹੀ ਇਹਨਾਂ ਘਟਨਾਵਾਂ ਨੂੰ ਠੱਲ੍ਹ ਪਾਉਣ ਵੱਲ ਅਹਿਮ ਕਦਮ ਹੋ ਸਕਦੀ ਹੈ। ਜਮਹੂਰੀਅਤ ਪਸੰਦ ਲੋਕਾਂ ਨੂੰ ਚਾਹੀਦਾ ਹੈ ਕਿ ਅਜੇਹੀ ਘਟਨਾਵਾਂ ਬਾਰੇ ਪੜਤਾਲ ਕਰਨ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ। ਅਤੇ ਫੇਰ ਵੱਧ ਤੋਂ ਵੱਧ ਜਮਹੂਰੀ ਅਧਿਕਾਰਾਂ ਤੇ ਪੈਂਦੇ ਛਾਪਿਆਂ ਦੀ ਨਖੇਧੀ ਕਰਨ। ਉਹਨਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਇਹ ਘਟਨਾਂ ਦੀ ਜੜ੍ਹ ਬੜੀ ਗਹਿਰੀ ਹੈ। ਇਹ ਪੜਤਾਲ ਅਸਲੀਅਤ ਨੂੰ ਨੰਗਾ ਕਰਨ ਲਈ ਜਰੂਰੀ ਹੈ।

ਕਮੇਟੀ ਸਾਰੇ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਪੁਲਸ ਦੇ ਇਸ ਕਾਰਜ ਦੀ ਡਟਵੀਂ ਨਿਖੇਧੀ ਕਰਨ। ਪਰ ਇਸ ਦੇ ਨਾਲ ਹੀ ਉਹ ਪੰਜਾਬ ਵਿੱਚ ਹੋ ਰਹੀਆਂ ਧਾਰਮਿਕ ਜਨੂਨ ਦੀਆਂ ਵਾਰਦਾਤਾਂ ਦੀ ਵੀ ਕਰੜੀ ਨਿਖੇਧੀ ਕਰਨ। ਇਹ ਨਹੀਂ ਭੁਲਣਾ ਚਾਹੀਦਾ ਕਿ ਜੇ ਉਹ ਅੱਜ ਚੁੱਪ ਰਹੇ ਤਾਂ ਪੁਲਸ ਦਾ ਇਹ ਕਾਲ-ਚੱਕਰ ਕਲ੍ਹ ਆਪਣੀ ਲਪੇਟ ਵਿੱਚ ਉਹਨਾਂ ਨੂੰ ਵੀ ਲੈ ਸਕਦਾ ਹੈ।

(ਜਮਹੂਰੀ ਅਧਿਕਾਰ ਸਭਾ (ਪੰਜਾਬ) ਦੀ ਜ਼ਿਲਾ ਕਮੇਟੀ, ਅੰਮ੍ਰਿਤਸਰ ਵਲੋਂ ਜਾਰੀ ਕੀਤਾ ਗਿਆ)

ਹਿੰਦੀ ਕਹਾਣੀ—

# *ਮਸ਼ੀਨੀ-ਆਦਮੀ*

o

## ਸੁਰੇਸ਼ ਸੇਠ

ਇਸ ਸ਼ਹਿਰ ਦੇ ਨਕਸ਼ੇ ਵਿਚ ਕੋਈ ਗਲ ਹੈ, ਜੋ ਬਿਲਕੁਲ ਗਲਤ ਲਗਦੀ ਹੈ। ਇਹ ਠੀਕ ਹੈ ਕਿ ਸ਼ਹਿਰ ਦੇ ਸਾਰੇ ਆਲ੍ਹਾ ਅਫਸਰਾਂ ਦੀਆਂ ਕੋਠੀਆਂ ਵਾਲੀ ਇਹ ਬਸਤੀ ਹਾਲੀਂ ਕੁਝ ਸਾਲ ਹੋਏ ਹੀ ਇਧਰ ਬਣ ਦੀ ਗਈ ਹੈ, ਪਰ ਦੇਵੇਨ ਬਾਬੂ ਨੂੰ ਨਾ ਇਹ ਬਸਤੀ ਪਸੰਦ ਹੈ ਅਤੇ ਨਾ ਇਹਨਾਂ ਕੋਠੀਆਂ ਦਾ ਨਕਸ਼ਾ ਉਨ੍ਹਾਂ ਦਾ ਵਿਚਾਰ ਕਿ ਅਫਸਰਾਂ ਦੇ ਅਹੁਦੇ ਅਤੇ ਸ਼ਾਨ-ਸ਼ੌਕਤ ਦੇ ਅਨੁਸਾਰ ਇਹਨਾਂ ਕੋਠੀਆਂ ਨੂੰ ਥੋੜਾ ਜਿਹਾ ਹੋਰ ਵਧੀਆ ਹੋਣਾ ਚਾਹੀਦਾ ਸੀ। ਅਤੇ ਸਾਹਿਬ-ਬਸਤੀ ਦੇ ਲਈ ਇਸ ਥਾਂ ਦੀ ਚੋਣ ਭਲਾ ਕਿਸ ਮੂਰਖ ਟਾਊਨ ਪਲੈਨਰ ਨੇ ਕੀਤੀ ਸੀ। ਬਸਤੀ ਦੇ ਬਿਲਕੁਲ ਪਿੱਛੇ ਇਕ ਬਹੁਤ ਜ਼ਿਆਦਾ ਚਲਣ ਵਾਲੀ ਰੇਲਵੇ ਲਾਈਨ ਹੈ, ਜਿਸ ਉਪਰੋਂ ਸਾਰਾ ਦਿਨ ਤੇ ਰਾਤ ਭਰ ਰੇਲਵੇ ਇੰਜਨ ਅਤੇ ਰੇਲ ਗੱਡੀਆਂ ਦਨਦਨਾਉਂਦੀਆਂ ਅਤੇ ਚੀਕਾਂ ਮਾਰਦੀਆਂ ਹੋਈਆਂ ਗੁਜ਼ਰਦੀਆਂ ਰਹਿੰਦੀਆਂ ਹਨ।

ਲਉ, ਬਾਹਰ ਫਿਰ ਇਕ ਰੁਕਦੀ ਹੋਈ ਭੜਭੜਾਹਟ ਹੋਈ ਅਤੇ ਰੇਲ ਗੱਡੀ ਜਿਵੇਂ ਬਿਲਕੁਲ ਕੰਨ ਦੇ ਕੋਲ ਰੁਕਕੇ ਚੀਕਾਂ ਮਾਰਨ ਲਗੀ। ਦੇਵੇਨ ਬਾਬੂ ਹੜਬੜਾ ਕੇ ਉਠ ਬੈਠੇ। ਦਿਲ ਜਿਵੇਂ ਧੱਕ ਧੱਕ ਕਰਕੇ ਰਹਿ ਗਿਆ ਡਬਲ ਬੈੱਡ ਦੇ ਕੋਲ ਰਖੇ ਡਰੈਸਿੰਗ ਟੇਬਲ ਦੇ ਸ਼ੀਸ਼ੇ ਵਿਚੋਂ ਝਾਕਦੇ ਹੋਏ ਇਕ ਸ਼ਰਾਬੀ ਅਤੇ ਅਟਪਟੇ ਜਿਹੇ ਚੇਹਰੇ ਨੇ ਉਨ੍ਹਾਂ ਨੂੰ ਗੁਡ ਮੋਰਨਿੰਗ ਕਿਹਾ......ਹੈਲੋ, ਦੇਵੇਨ।

ਦੇਵੇਨ ਬਾਬੂ ਝੰਜਲਾ ਉਠੇ। ਇਹ ਚਿਹਰਾ ਉਨ੍ਹਾਂ ਨੂੰ ਆਪਣੇ ਅਹੁੱਦੇ ਦੇ ਅਨੁਕੂਲ ਨਹੀਂ ਲਗਦਾ। ਹਰ ਸਵੇਰੇ ਹੀ ਅਜਨਬੀ ਜਿਹਾ ਲਗਣ ਲਗਦਾ ਹੈ ਅਜ ਤਾਂ ਕੁਝ ਦੇਰ ਤਕ ਉਹ ਕੁਝ ਸਮਝ ਵੀ ਨਾ ਸਕੇ। ਰਾਤ ਉਨ੍ਹਾਂ ਦੇ ਨਾਲ ਇਸ ਬਿਸਤਰੇ ਉਪਰ ਇਕ ਔਰਤ ਵੀ ਸੀ, ਆਪਣੇ ਆਦਮੀ ਦੇ ਨਾਲ ਆਈ ਉਹ ਔਰਤ ਜਿਸ ਨੂੰ ਪੇਸ਼ ਕਰਨ ਤੋਂ ਬਾਅਦ ਉਸਦਾ ਆਦਮੀ ਇਧਰ ਉਧਰ ਖਿਸਕ ਗਿਆ ਸੀ।

......ਸਾਹਿਬ ਰਹਿਮ ਦੀ ਨਜ਼ਰ ਰੱਖਣਾ, ਉਸਨੇ ਬੀਵੀ ਨੂੰ ਛੱਡਕੇ ਜਾਣ ਤੋਂ ਪਹਿਲਾਂ ਇਕ ਚਲਾਕ ਚਾਪਲੂਸੀ ਨਾਲ ਕਿਹਾ ਸੀ।

ਬਹੁਤ ਸਾਰੇ ਲੋਕ, ਬਹੁਤ ਸਾਰੇ ਤਰੀਕਿਆਂ ਨਾਲ ਆਪਣੇ ਕੰਮ ਦੀ ਫਸੀ ਕੰਨੀਂ ਕਢਵਾਉਣ ਲਈ ਇਸ ਕੋਠੀ ਤੱਕ ਪਹੁੰਚਦੇ ਰਹਿੰਦੇ ਹਨ। ਪਰ ਦੇਵੇਨ ਬਾਬੂ ਨੇ ਸ਼ੁਰੂ ਤੋਂ ਹੀ ਕੁਝ ਸਿਧਾਂਤ ਬਣਾਏ ਹੋਏ ਹਨ, ਖਾਸ ਕਰ ਔਰਤਾਂ ਦੇ ਮਾਮਲੇ ਵਿਚ। ਸ਼ਰਾਬ ਅਤੇ ਔਰਤ ਦੇ ਨਜ਼ਰਾਨੇ ਤੋਂ ਉਨ੍ਹਾਂ ਨੂੰ ਇਨਕਾਰ ਨਹੀਂ ਪਰ ਪਤਾ ਨਹੀਂ ਕਿਉਂ ਦੇਵੇਨ ਬਾਬੂ ਨੂੰ ਭਲੇ ਘਰ ਦੀਆਂ ਛੁਈ-ਮੁਈ ਜਿਹੀਆਂ ਔਰਤਾਂ ਵਿਚ ਕੋਈ ਰੁੱਚੀ ਨਹੀਂ। ਸਿੱਧੀ ਕਾਲ ਗਰਲ ਉਨ੍ਹਾਂ ਨੂੰ ਜ਼ਿਆਦਾ ਚੰਗੀ ਲਗਦੀ ਹੈ। ਆਖਰ ਸਿਰਫ ਰਾਤ ਹੀ ਤਾਂ ਗੁਜ਼ਾਰਨੀ ਹੁੰਦੀ ਹੈ। ਉਸ ਦੇ ਲਈ ਚਾਂਦੀ ਦੇ ਸੱਤ ਵਰਕਾਂ ਵਿਚ ਲੁਕੀ ਪਾਨ ਦੀ ਬੀੜੀ ਨਹੀਂ ਚਾਹੁੰਦੇ ਦੇਵੇਨ ਬਾਬੂ। ਅਜਿਹੀ ਬੀੜੀ ਤਾਂ ਉਹ ਵੀ ਸੀ, ਲਕਸ਼ਮੀ, ਉਸ ਦੀ ਆਪਣੀ ਬੀਵੀ।

ਪਰ ਰਾਤ ਧੋਖਾ ਹੋ ਗਿਆ। ਕਾਲ ਗਰਲ ਕਹਿਕੇ ਆਪਣੀ ਬੀਵੀ ਪੇਸ਼ ਕਰ ਗਿਆ।

ਦੇਵੇਨ ਇੰਨੇ ਧੱੜਲੇਦਾਰ ਅਫਸਰ ਹੋ ਜਾਣਗੇ, ਅਜਿਹਾ ਤਾਂ ਬੰਸੀਧਰ ਮਾਸਟਰ ਆਪਣੇ ਲੜਕੇ ਦੇ ਬਾਰੇ ਵਿਚ ਕਦੀ ਸੋਚ ਵੀ ਨਾ ਸਕੇ ਸਨ। ਬੰਸੀਧਰ ਮਾਸਟਰ ਦੀ ਸਾਰੀ ਉਮਰ ਪ੍ਰਾਈਵੇਟ ਸਕੂਲ ਵਿਚ ਬੱਚਿਆਂ ਨੂੰ ਪਹਾੜੇ ਰਟਾਉਂਦਿਆਂ ਗੁਜ਼ਰ ਗਈ। ਦੇਵੇਨ ਬਾਬੂ ਪੜ੍ਹਾਈ ਵਿਚ ਤੇਜ਼ ਸਨ। ਬੰਸੀਧਰ ਬਚਪਨ ਤੋਂ ਹੀ ਉਨ੍ਹਾਂ ਦੇ ਬਾਰੇ ਵਿਚ ਪਤਾ ਨਹੀਂ ਕੀ ਕੀ ਸੁਪਨੇ ਉਣਨ ਲਗੇ।

......ਮੇਰਾ ਲੜਕਾ ਕੰਪੀਟੀਸ਼ਨ ਪਾਸ ਕਰੇਗਾ, ਇਸ ਦੇਸ਼ ਦੇ ਵੱਡੇ ਅਫਸਰਾਂ ਵਿਚੋਂ ਇਕ ਹੋਵੇਗਾ। ਉਹ ਉਸ ਨੂੰ ਪਲੋਸ ਕੇ ਕਹਿੰਦੇ।

ਛੋਟਾ ਜਿਹਾ ਮਕਾਨ ਸੀ, ਕੱਚਾ ਫਰਸ਼ ਤੇ ਕੱਚੀ ਛੱਤ। ਸਾਰਾ ਦਿਨ ਘਰ ਵਿਚ ਬੱਚਿਆਂ ਅਤੇ ਵੱਡਿਆਂ ਦੀ ਹਾਲ-ਪਾਹਰਿਆ ਮੱਚੀ ਰਹਿੰਦੀ। ਦੇਵੇਨ ਉਸ ਘਰ, ਉਸ ਮਾਹੌਲ ਦੇ ਬਾਰੇ ਵਿਚ ਸੋਚਦੇ ਹਨ ਤਾਂ ਜਿਵੇਂ ਹੁਣ ਵੀ ਕੰਬ ਉਠਦੇ ਹਨ। ਬੰਸੀਧਰ ਨੇ ਕਿਸੇ ਤਰ੍ਹਾਂ ਨਾਲ ਛੱਤ ਉਪਰ ਇਕ ਕੱਚਾ ਕਮਰਾ ਪਵਾ ਦਿੱਤਾ ਸੀ। ਮਾਂ ਸਵੇਰੇ ਉਠਦੀ, ਤਾਂ ਕਦੀ ਗੋਹੇ ਨਾਲ ਫਰਸ਼ ਨੂੰ ਲਿੱਪ ਦਿੰਦੀ..... ਇਹ ਦੇਵੇਨ ਦੇ ਪੜ੍ਹਨ ਦਾ ਕਮਰਾ ਹੈ। ਉਸ ਨੇ ਵੱਡਾ ਅਫਸਰ ਬਣਨਾ ਹੈ।

ਸੁਬਹ ਹੁੰਦਿਆਂ ਹੀ ਬੰਸੀਧਰ ਮਾਸਟਰ ਦੀ ਕੰਬਦੀ ਜਿਹੀ ਆਵਾਜ਼ ਗੂੰਜਣ ਲਗਦੀ......ਦੇਵੇਨ ਬੇਟਾ, ਉਠੋ ਤਾਂ, ਸੁਬਹ ਹੋ ਗਈ। ਉਠ ਕੇ ਦੋ ਚਾਰ ਘੰਟੇ ਪੜ੍ਹ ਲਵੋ।

ਦੇਵੇਨ ਰੋਜ਼ ਸਵੇਰੇ ਇਸ ਆਵਾਜ਼ ਨਾਲ ਉਠ ਪੈਂਦੇ ਸਨ। ਹਜ਼ਾਰਾਂ ਨੌਜਵਾਨ ਹਰ ਸਾਲ ਇਸ ਕੰਪੀਟੀਸ਼ਨ ਵਿਚ ਬੈਠਦੇ ਹਨ। ਦੇਵੇਨ ਵੀ ਬੈਠੇ, ਅਤੇ ਫਿਰ ਖੁਦਾ ਦਾ ਕ੍ਰਿਸ਼ਮਾ, ਪਾਸ ਹੋ ਗਏ। ਉਸ ਕੱਚੇ ਘਰ

ਤੋਂ, ਉਸ ਛੱਤ ਵਾਲੇ ਕਮਰੇ ਤੋਂ ਛੁਟਕਾਰਾ ਮਿਲਿਆ ਅਤੇ ਫਿਰ ਇਸ ਕੋਠੀ ਵਿਚ ਚਲੇ ਆਏ ।

ਹਾਂ, ਅਜ ਕਲ ਬੰਸੀਧਰ ਉਸ ਛੱਤ ਵਾਲੇ ਕਮਰੇ ਵਿਚ ਗਲੀ ਦੇ ਬੱਚਿਆਂ ਦੀ ਟਿਊਸ਼ਨ ਕਰਦੇ ਹਨ ਅਤੇ ਜੀਵਨ ਭਰ ਦੀ ਪ੍ਰਾਪਤੀ ਦੇ ਨਾਂ ਉਤੇ ਝੁਕੀ ਹੋਈ ਕਮਰ ਅਤੇ ਬਵਾਸੀਰ ਨਾਲ ਖੰਘਦੇ-ਕਰਾਹੁੰਦੇ ਸਰੀਰ ਦੇ ਨਾਲ ਬਜ਼ਾਰ ਵਿਚ ਲੜਕੇ ਦੇ ਅਫਸਰ ਹੋ ਜਾਣ ਦੀ ਮਾਲਾ ਜਪਿਆ ਕਰਦੇ ਹਨ ।

ਦੇਵੇਨ ਬਾਬੂ ਲੇਟ ਗਏ ਅਤੇ ਤਕੀਏ ਨੂੰ ਸਮੇਟਦੀ ਜਿਹੀ ਬਾਂਹ ਫੈਲ ਈ, ਬੈੱਡ ਖਾਲੀ ਸੀ। ਰਾਤ ਕਿਸ ਵੇਲੇ ਉਠ ਕੇ ਚਲੀ ਗਈ, ਉਹ ਬੇਸ਼ਰਮ ਔਰਤ ! ਕਿਸ ਤਰ੍ਹਾਂ ਦੰਦ ਕੱਢ ਕੇ ਹੱਸਦੀ ਸੀ—ਮੈਂ ਕਾਲ ਗਰਲ ਨਹੀਂ ਹਾਂ, ਦੇਵੇਨ ਬਾਬੂ, ਉਸ ਦੀ ਵਿਆਹੁਤਾ ਪਤਨੀ ਹਾਂ। ਪਰ ਤੁਸੀਂ ਹੜਬੜਾ ਕਿਉਂ ਗਏ ? ਰਾਤ ਭਰ ਦੇ ਲਈ ਕਾਲ ਗਰਲ ਹੀ ਸਮਝ ਲਉ ਮੈਨੂੰ । ਬੱਸ ਤੁਸੀਂ ਸਾਡਾ ਕੰਮ ਕਰਵਾ ਦਿਉ, ਸਾਰੀ ਉਮਰ ਜੱਸ ਗਾਵਾਂਗੇ ।

ਕੀ ਹੋ ਗਿਆ ਹੈ, ਇਸ ਜ਼ਮਾਨੇ ਨੂੰ ?

ਖ਼ੈਰ, ਨਸ਼ਾ ਭਿਆਨਕ ਸੀ । ਦੇਵੇਨ ਬਾਬੂ ਲੱਤ ਮਾਰ ਕੇ ਉਸ ਔਰਤ ਨੂੰ ਕੋਠੀ ਤੋਂ ਬਾਹਰ ਨਹੀਂ ਕੱਢ ਸਕੇ । ਪਰ ਪਤਾ ਨਹੀਂ ਕਿਉਂ ਸਾਰੀ ਰਾਤ ਲਗਦਾ ਰਿਹਾ । ਉਨ੍ਹਾਂ ਦੀ ਇਹ ਰਾਤ ਆਪਣੇ ਘਰ ਵਿਚ ਨਹੀਂ ਜਿਵੇਂ ਕੋਠੇ ਉੱਪਰ ਕੱਟੀ ਹੈ, ਜਾਂ ਜਿਵੇਂ ਖੁਦ ਅ ਪਣੀ ਬੀਵੀ ਦੇ ਨਾਲ ਕੱਟ ਗਈ ਹੋਵੇ । ਦੇਵੇਨ ਬਾਬੂ ਦਾ ਮੂੰਹ ਕੁੜੱਤਣ ਨਾਲ ਭਰ ਗਿਆ ।

—ਕਿੱਥੇ ਗਈ ਉਹ ਔਰਤ ? ਕੀ ਮੂੰਹ ਹਨੇਰੇ ਹੀ ਉੱਠ ਕੇ ਕੋਠੀ ਤੋਂ ਫਰਾਰ ਹੋ ਗਈ ।

ਤਦੇ ਹੀ ਲਗਿਆ ਬਾਥ ਰੂਮ ਵਿਚ ਕਿਸੇ ਦੇ ਸਿਸਕਣ ਦੀ ਆਵਾਜ਼ ਆਉਣ ਲੱਗੀ । ਇਕ ਔਰਤ ਦਾ ਬਚਕਾਨਾ, ਮੱਧਮ ਰੋਣਾ । ਦੇਵੇਨ ਬਾਬੂ ਲੜਖੜਾਉਂਦੇ ਹੋਏ ਬਾਥਰੂਮ ਤਕ ਗਏ । ਇਕ ਪਲ ਦੇ ਲਈ ਮਹਿਸੂਸ ਹੋਇਆ ਉਹ ਔਰਤ ਬਾਥਰੂਮ ਦੇ ਵਿਚਕਾਰ ਆਪਣੇ ਵਾਲਾਂ ਨੂੰ ਖਿੰਡਾ ਕੇ ਵਿਰਲਾਪ ਕਰ ਰਹੀ ਹੈ, ਉਸ ਦੇ ਸਰੀਰ ਉਪਰ ਭੋਰਾ ਭਰ ਵੀ ਕਪੜਾ ਨਹੀਂ ਸੀ। ਦੇਵੇਨ ਬਾਬੂ ਦਰਵਾਜ਼ੇ ਨਾਲ ਲੱਗ ਗਏ । ਰਾਤ ਪੀਤੀ ਗਈ ਪੂਰੀ ਬੋਤਲ ਹਾਲੀ ਵੀ ਪੁੜਪੁੜੀ ਵਿਚ ਧੌਂਕ ਰਹੀ ਸੀ। ਨਹੀਂ ਉਹ ਔਰਤ ਕਿੱਥੇ, ਇਹ ਤਾਂ ਲਕਸ਼ਮੀ ਹੈ, ਬੰਸੀਧਰ ਮਾਸਟਰ ਵਲੋਂ ਬੀਵੀ ਦੇ ਰੂਪ ਵਿਚ ਉਨ੍ਹਾਂ ਦੀ ਜ਼ਿੰਦਗੀ ਨੂੰ ਦਿਤੀ ਗਈ ਆਖਰੀ ਨਿਸ਼ਾਨੀ । ਦੇਵੇਨ ਬਾਬੂ ਦਾ ਸਿਰ ਚਕਰਾਉਣ ਲਗਿਆ ਅਤੇ ਸੱਜੀ ਅੱਖ ਦੀ ਪਲਕ ਫਿਰ ਆਪਣੇ ਆਪ ਫੜਫੜਾਉਣ ਲਗੀ । ਦੇਵੇਨ ਨੇ ਅੱਖਾਂ ਮਲੀਆਂ । ਨਹੀਂ ਲਕਸ਼ਮੀ ਵੀ ਕਿਥੇ ! ਬਹੁਤ ਦਿਨ ਹੋਏ ਉਹ ਤਾਂ ਕੋਠੀ ਛਡ ਕੇ ਚਲੀ ਗਈ ਸੀ ਨਾ ।

ਮੱਧ-ਵਰਗੀ ਨੈਤਿਕਤਾ ਵਿਚ ਫਸੀ ਹੋਈ ਇਕ ਸਾਧਾਰਣ ਔਰਤ, ਲਕਸ਼ਮੀ । ਦੇਵੇਨ ਦੇ ਧੜੱਲੇਦਾਰ ਅਫਸਰ ਦੀ ਇਸ ਖੁਲ੍ਹੀ ਜ਼ਿੰਦਗੀ ਨਾਲ ਉਸ ਨੂੰ ਗਿਲਾਨੀ ਹੋ ਗਈ ਸੀ । ਹੁਣ ਕਿਸੇ ਬੈਂਕ ਵਿਚ ਕਲਰਕੀ ਕਰਕੇ ਜ਼ਿੰਦਗੀ ਕੱਟ ਰਹੀ ਹੈ ।

ਤਦੇ ਹੀ ਬਾਹਰ ਸੂੰ-ਸੂੰ ਕਰਦੀ ਹੋਈ ਰੇਲ ਗੱਡੀ ਇਕ ਚੀਕ ਨਾਲ ਚਲ ਪਈ । ਅਚਾਨਕ ਲਗਿਆ ਇਸ ਦੇ ਨਾਲ ਬੈਡ ਰੂਮ ਵਿਚ ਅੱਜ ਫਿਰ ਕੋਈ ਡਰ ਗਿਆ । ਮੁੰਨਾ ਮੀਆਂ ਹੈ ਕੀ ? ਲਗਿਆ ਸੀ ਜਿਵੇਂ ਚੀਕ ਕੇ ਡਬਲ ਬੈਡ ਤੋਂ ਕੁਦ ਪਿਆ ਹੋਵੇ ਅਤੇ ਦਰਵਾਜ਼ੇ ਵੱਲ ਭੱਜ ਰਿਹਾ ਹੋਵੇ । ਮੁੰਨੇ ਮੀਆਂ, ਮੁੰਨੇ ਬੇਟਾ, ਰੁਕੋ ਤਾਂ ਜ਼ਰਾ ।

—ਪਾਪਾ ਇਹ ਟਰੇਨ ਚੀਕ ਕੇ ਸਾਨੂੰ ਰੋਜ਼ ਜਗਾ ਦਿੰਦੀ ਹੈ। ਇਉਂ ਲਗਦਾ ਹੈ ਜਿਵੇਂ ਸਿੱਧੀ ਸੀਨੇ ਉਪਰ ਹੀ ਚੜ੍ਹ ਜਾਵੇਗੀ । ਅਤੇ ਫਿਰ ਮੁੰਨੇ ਮੀਆਂ ਛੱਤ ਵਲ ਨੂੰ ਮੂੰਹ ਉਠਾ ਕੇ ਗਿੱਦੜਾਂ ਦੀ ਤਰ੍ਹਾਂ 'ਹੁਆਂ ਹੁਆਂ' ਰੋਣ ਲਗਦੇ ਅਤੇ ਦਰਵਾਜ਼ੇ ਵਲ ਭੱਜਦੇ । ਦੇਵੇਨ ਬਾਬੂ ਮੁੰਨੇ ਮੀਆਂ ਨੂੰ ਫੜਨ ਦੌੜੇ—ਕਿਥੇ ਜਾਂਦੇ ਹੋ ਕੰਮਬਖਤ ?

ਫਿਰ ਉਹ ਹੀ ਇਕੱਲੇ, ਹਵਾ ਵਿਚ ਹਿਲਦੇ ਹੋਏ ਹੱਥ । ਅੱਜ ਕੀ ਹੋ ਰਿਹਾ ਉਨ੍ਹਾਂ ਨੂੰ ? ਮੁੰਨੇ ਮੀਆਂ ਨਹੀ ਹਨ । ਲਕਸ਼ਮੀ ਅੱਡ ਹੋਈ, ਤਾਂ ਬੱਚਾ ਵੀ ਤਾਂ ਨ ਲ ਹੀ ਲੈ ਗਈ ਸੀ । ਦੇਵੇਨ ਰੋਕਣਾ ਚਾਹੁੰਦੇ ਤਾਂ ਰੋਕ ਸਕਦੇ ਸਨ । ਪਰ ਨਹੀਂ ਹੁਣ ਉਨ੍ਹਾਂ ਨੂੰ ਉਸ ਵਰਗ ਨਾਲ ਜੁੜੇ ਰਹਿਣ ਦਾ ਭੋਰਾ ਭਰ ਵੀ ਮੋਹ ਨਹੀਂ ਹੈ ।

ਦੇਵੇਨ ਬਾਬੂ ਨੇ ਫਰਿੱਜ ਤੋਂ ਲੈ ਕੇ ਪਾਣੀ ਪੀਤਾ ਅਤੇ ਆਪਣੇ ਮੱਥੇ ਤੇ ਗਰਦਨ ਦਾ ਪਸੀਨਾ ਪੂੰਝ ਕੇ ਸ਼ਾਂਤ ਹੋ ਗਏ । ਹੁਣ ਸਭ ਠੀਕ ਸੀ ਅਤੇ ਹਰ ਚੀਜ਼ ਕਾਇਦੇ ਨਾਲ ਆਪਣੀ ਆਪਣੀ ਥਾਂ ਲੱਗੀ ਹੋਈ ਦਿਸਣ ਲਗੀ ਸੀ ।

ਬਾਹਰ ਸੜਕ ਉਪਰ ਸੁਬ੍ਹਾ ਦੀ ਗੜਬੜ ਹੋ ਗਈ ਸੀ ਅਤੇ ਧੂੜ ਭਰੇ ਇਕ ਬੁਲ੍ਹੇ ਨੇ ਕਮਰੇ ਵਿਚ ਪ੍ਰਵੇਸ਼ ਕੀਤਾ । ਹਵਾ ਦੇ ਉਸ ਧੱਕੇ ਨਾਲ ਟੇਬਲ ਉਪਰ ਪਈ ਦੇਵੇਨ ਬਾਬੂ ਦੀ ਇਪਾਇੰਟਮੈਂਟ ਡਾਇਰੀ ਦੇ ਪੰਨੇ ਆਪਣੇ ਆਪ ਫੜਫੜਾਉਣ ਲਗੇ ਉਨ੍ਹਾਂ ਨੂੰ ਲਗਿਆ ਸੀ, ਹੁਣ ਉਨ੍ਹਾਂ ਨੂੰ ਸੱਜ ਧੱਜ ਜਾਣਾ ਚਾਹੀਦਾ ਹੈ, ਕਿਸੇ ਆਲ੍ਹਾ ਅਫਸਰ ਦੀ ਤਰ੍ਹਾਂ ।

ਸੀ. ਆਈ. ਡੀ. ਦੀ ਰਿਪੋਰਟ ਉਨ੍ਹਾਂ ਦੇ ਸਾਹਮਣੇ ਪਈ ਹੈ । ਪਿਛਲੇ ਕਈ ਦਿਨਾਂ ਤੋਂ ਇਹ ਸ਼ਹਿਰ ਧੁਖ ਰਿਹਾ ਸੀ ਅਤੇ ਅਜ ਸ਼ਹਿਰ ਵਿਚ ਅੱਗ ਲਗਣ

ਵਾਲੀ ਹੈ ।

ਸ਼ਹਿਰ ਦੇ ਮੁਖ ਚੌਂਕ ਉਪਰ ਲੋਕ ਇਕੱਠੇ ਹੋਣ ਲਗੇ ਹੋਣਗੇ, ਰਾਸ਼ਨ ਅਤੇ ਤੇਲ ਦੇ ਖਾਲੀ ਡਬਿਆਂ ਨੂੰ ਉਠਾ ਉਠਾ ਕੇ । ਅਜ ਇਹਨਾਂ ਡੱਬਿਆਂ ਨੂੰ ਵਜਾ ਵਜਾ ਕੇ ਸਰਕਾਰ ਦੇ ਖਿਲਾਫ਼ ਮੁਜ਼ਾਹਿਰਾ ਕਰਨ ਦੀ ਯੋਜਨਾ ਬਣਾਈ ਗਈ ਸੀ ।

ਬਿਨਾਂ ਸ਼ਕ ਇਹਨਾਂ ਮੁਜਾਹਰਿਆਂ ਤੋਂ ਅੱਜ ਕਲ੍ਹ ਕੌਣ ਘਬਰਾਉਂਦਾ ਹੈ । ਪਰ ਰਾਤ ਗੱਲ ਵਿਗੜ ਗਈ। ਗੱਲ ਹੋਟਲ ਗੁਲਨਾਰ ਤੋਂ ਸ਼ੁਰੂ ਹੋਈ ਸੀ। ਇਸ ਇਲਾਕੇ ਦੇ ਮਨਿਸਟਰ ਸਾਹਿਬ ਦੇ ਭਤੀਜੇ ਜਰਨੈਲ ਸਿੰਘ ਅਤੇ ਉਸ ਦੇ ਚੇਲੇ-ਚਾਟੜਿਆਂ ਤੋਂ । ਉਹ ਲੋਕ ਕੱਲ ਸਾਰਾ ਦਿਨ ਗੁਲਨਾਰ ਵਿਚ ਬੈਠ ਕੇ ਪੀਂਦੇ ਰਹੇ ਅਤੇ ਜਦੋਂ ਬਿੱਲ ਚੁਕਾਉਣ ਦਾ ਵੇਲਾ ਆਇਆ ਤਾਂ ਮਾਰ-ਕੁੱਟ ਸ਼ੁਰੂ ਕਰ ਦਿਤੀ। ਜਰਨੈਲ ਸਿੰਘ ਨੇ ਛੱਤ ਵਲ ਨੂੰ ਬੰਦੂਕ ਦੀ ਨਾਲੀ ਕਰਕੇ ਇਕ ਦੋ ਗੋਲੀਆਂ ਵੀ ਚਲਾਈਆਂ ਅਤੇ ਫਿਰ ਉਸ ਥਰੀਸਟਾਰ ਹੋਟਲ ਨੂੰ ਘੋੜ-ਦੌੜ ਦਾ ਐਲਾਨ ਬਣਾ ਦਿੱਤਾ ।

—ਸਾਲੇ ਇਲਾਕੇ ਦੇ ਮਾਲਕਾਂ ਤੋਂ ਪੈਸੇ ਮੰਗਦੇ ਹੋ ਅਤੇ ਉਹ ਵੀ ਬਿੱਲ ਬਣਾ ਕੇ ਇੰਨੀ ਆਕੜ ਨਾਲ ?

ਖੈਰ ਯੁੱਧ ਜਿੱਤਣ ਤੋਂ ਬਾਅਦ ਯੋਧਿਆਂ ਨੇ ਆਪਣੀ ਕੁਮਕ ਗੁਲਨਾਰ ਤੋਂ ਹਟਾ ਲਈ, ਤਾਂ ਇਸ ਬੇਇਨਸਾਫ਼ੀ ਦੇ ਵਿਰੋਧ ਵਿਚ ਸ਼ਹਿਰ ਦੇ ਸਾਰੇ ਹੋਟਲ ਬਿਜਲੀ ਦੀ ਰਫ਼ਤਾਰ ਨਾਲ ਬੰਦ ਹੋ ਗਏ ਸਨ। ਝਗੜਾ ਖਤਮ ਨਹੀਂ ਹੋਇਆ। ਦੋਵਾਂ ਪਾਸਿਆਂ ਤੋਂ ਮਾਰਕੁੱਟ ਦੀਆਂ ਚੈਲੰਜਬਾਜ਼ੀਆਂ ਹਾਲੇ ਵੀ ਹੋ ਰਹੀਆਂ ਹਨ।

ਸਾਫ਼ ਹੈ ਕਿ ਇਹ ਦੂਜੀ ਘਟਨਾ ਕਿਸੇ ਮੰਤਰੀ ਦਾ ਨਾਂ ਜੁੜ ਜਾਣ ਦੇ ਕਾਰਣ ਪ੍ਰੈਸ ਵਾਲਿਆਂ ਲਈ ਮਸਾਲੇਦਾਰ ਸਕੋਪ ਵਾਲੀ ਸੀ। ਇਸ ਲਈ ਕੱਲ ਤੋਂ ਇਸ ਸ਼ਹਿਰ ਵਿਚ ਆਉਣ ਵਾਲੀਆਂ ਬੱਸਾਂ ਅਤੇ ਰੇਲ ਗੱਡੀਆਂ ਪ੍ਰਾਂਤਿਕ ਅਖਬਾਰਾਂ ਦੇ ਪੱਤਰਕਾਰਾਂ ਨੂੰ ਢੋਹ ਰਹੀਆਂ ਹਨ ।

ਰਾਜਧਾਨੀ ਵਿਚ ਇਸ ਹੰਗਾਮੇ ਕਾਰਣ ਹਲਚਲ ਹੈ। ਰਾਤ ਦੇਵੇਨ ਬਾਬੂ ਨੇ ਵਾਇਰਲੈਂਸ ਰਿਸੀਵ ਕੀਤਾ ਸੀ ਕਿ ਕਿਸੇ ਵੀ ਹਾਲਾਤ ਵਿਚ ਇਨ੍ਹਾਂ ਦੋ ਮੁਜਾਹਰਿਆਂ ਨੂੰ ਇਕ ਨਹੀਂ ਹੋਣ ਦੇਣਾ ਹੈ। ਸ਼ਾਮ ਢਲੇ ਦਫਤਰ ਤੋਂ ਉਠਦਿਆਂ ਹੋਇਆਂ ਉਨ੍ਹਾਂ ਨੂੰ ਇਹ ਖਬਰ ਵੀ ਪਹੁੰਚੀ ਕਿ ਸਬੰਧਤ ਮੰਤਰੀ ਵੀ ਰਾਜਧਾਨੀ ਤੋਂ ਚਲ ਪਏ ਹਨ, ਖੁਦ ਹੋਟਲ ਵਾਲਿਆਂ ਨਾਲ ਨਿਪਟਣ ।

... ... ...

ਦੇਵੇਨ ਬਾਬੂ ਨਹਾ-ਧੋ ਕੇ ਜੀਪ ਉਪਰ ਗਸ਼ਤ ਕਰਨ ਲਈ ਨਿਕਲੇ ਤਾਂ ਬੀਤੀ ਰਾਤ ਤੋਂ ਜਿਵੇਂ ਬਿਲਕੁਲ ਸੁਰਖਰੂ ਹੋ ਚੁੱਕੇ ਸਨ। ਉਨ੍ਹਾਂ ਦੀ ਜੀਪ ਦੇ ਗੁਜ਼ਰਨੇ ਤੇ ਹਰ ਚੌਂਕ ਉਪਰ ਖੜੇ ਸਿਪਾਹੀਆਂ ਦੀਆਂ ਅੱਡੀਆਂ ਵਜ ਉਠਦੀਆਂ ਅਤੇ ਹੌਲੀ ਹੌਲੀ ਉਨ੍ਹਾਂ ਉਪਰ ਫਿਰ ਉਹੀ ਅਹਿਸਾਸ ਭਾਰੂ ਹੁੰਦਾ ਜਾ ਰਿਹਾ ਸੀ, ਹਵਾ ਵਿਚ ਤੈਰਦੇ ਰਹਿਣ ਵਰਗਾ ਅਹਿਸਾਸ ।

ਸ਼ਹਿਰ ਦੇ ਮੁਖ ਚੌਂਕ ਉਪਰ ਹਾਲੀ ਭੀੜ ਜਮਾਂ ਹੋਣੀ ਸ਼ੁਰੂ ਨਹੀਂ ਹੋਈ ਸੀ। ਹਾਂ, ਪੁਲਸ ਵਾਲੇ ਜ਼ਰੂਰ ਆਪਣੀਆਂ ਵੈਨਾਂ ਨੂੰ ਇਕ ਪਾਸੇ ਖੜੀਆਂ ਕਰਕੇ ਮੋਰਚੇ ਜਮਾ ਰਹੇ ਸਨ ।

ਮੋਢੇ ਦੀਆਂ ਫਿਤੀਆਂ ਵਾਲੇ ਛੋਟੇ ਅਫਸਰ ਇਨ੍ਹਾਂ ਲੋਕਾਂ ਦੇ ਕੋਲ ਨਹੀਂ ਸਨ। ਉਹ ਸਾਰੇ ਉਧਰ ਜ਼ਨਾਨਾ ਪੁਲਸ ਦੇ ਕੋਲ ਖੜੇ ਗੱਲਾਂ ਕਰ ਰਹੇ ਸਨ। ਇਹ ਜ਼ਨਾਨਾ ਪੁਲਸ ਪਹਾੜ ਵਰਗੀਆਂ ਆਬਨੂਸੀ ਔਰਤਾਂ ਦਾ ਝੁੰਡ ਸੀ, ਜੋ ਆਪਣੇ ਧੌਲ-ਧੱਪੇ ਤੋਂ ਬਿਨ੍ਹਾਂ ਪੰਜਾ ਲੜਾਉਣ ਦੇ ਸ਼ੁਗਲ ਵਿਚ ਵੀ ਨਿਪੁੰਨ ਸਨ ।

ਦੇਵੇਨ ਬਾਬੂ ਦੀ ਜੀਪ ਕੋਲ ਆ ਕੇ ਰੁਕੀ, ਤਾਂ ਸਭ ਨੇ ਅੱਡੀਆਂ ਵਜਾ ਕੇ ਸਲਾਮ ਕੀਤਾ ।

ਵੈਨਾਂ ਦੇ ਪਿਛੇ ਫੋਲਡਿੰਗ ਚੇਅਰਜ਼ ਉਪਰ ਬੈਠੇ ਡੀ. ਐਸ. ਪੀ. ਸਾਹਿਬ ਅਤੇ ਥਾਣੇਦਾਰ ਵੀ ਹੜਬੜਾ ਕੇ ਅੱਗੇ ਵਧ ਆਏ ।

—ਟੀਅਰ ਗੈਸ ਤੇ ਕਾਫੀ ਸ਼ੈਲ ਤਾਂ ਨਾਲ ਲੈ ਕੇ ਆਏ ਹੋ ਨਾ ਤੁਸੀਂ ? ਉਨ੍ਹਾਂ ਨੇ ਹਾਕਮਾਨਾਂ ਅੰਦਾਜ਼ ਵਿਚ ਪੁੱਛਿਆ ।

—ਜੀ ਹਜ਼ੂਰ, ਪੂਰੀ ਇਕ ਵੈਨ ਭਰ ਕੇ ਲਿਆਏ ਹਾਂ ।

—ਦੇਖੋ, ਸਖਤ ਹੁਕਮ ਆਇਆ ਹੈ ਕਿ ਇਸ ਇਲਾਕੇ ਦੇ ਅਮਨ ਨੂੰ ਹਰ ਕੀਮਤ ਤੇ ਕਾਇਮ ਰਖਿਆ ਜਾਵੇ ਅਤੇ ਮਜਾਹਿਰੇ ਨੂੰ ਸ਼ਹਿਰ ਦੀਆਂ ਰਗਾਂ ਵਿਚ ਫੈਲਣ ਤੋਂ ਰੋਕਿਆ ਜਾਏ। ਰਾਤ ਦਫ਼ਾ 144 ਲਗਾ ਦਿਤੀ ਗਈ ਸੀ, ਜਲੂਸ ਕੱਢਣ ਦੀ ਇਜ਼ਾਜ਼ਤ ਤਾਂ ਕਿਸੇ ਵੀ ਹਾਲਤ ਵਿਚ ਨਹੀਂ ਦੇਣੀ ਹੈ ।

ਡੀ. ਐਸ. ਪੀ. ਨੇ ਜਵਾਬ ਵਿਚ ਅੱਡੀਆਂ ਵਜਾ ਕੇ ਸਲਾਮ ਕੀਤਾ ।

—ਮੈਂ ਹੁਣੇ ਹੀ ਗੁਲਨਾਰ ਹੋਟਲ ਜਾ ਰਿਹਾ ਹਾਂ, ਡੀ. ਐਸ. ਪੀ. ਸਾਹਿਬ। ਅਤੇ ਅਜ ਤਾਂ ਸਰਕਟ ਹਾਉਸ ਵਿਚ ਮਨਿਸਟਰ ਸਾਹਿਬ ਵੀ ਤਸ਼ਰੀਫ ਫਰਮਾ ਰਹੇ ਹਨ। ਸਾਰੇ ਮਾਮਲੇ ਨੂੰ ਸੁਲਝਾ ਕੇ ਉਹਨਾਂ ਨਾਲ ਵੀ ਮੁਲਾਕਾਤ ਕਰਨੀ ਹੋਵੇਗੀ। ਪਰ ਤੁਸੀਂ ਫਿਕਰ ਕਿਉਂ ਕਰਦੇ ਹੋ, ਗੁਪਤਾ ਸਾਹਿਬ ਤਾਂ ਹੋਣਗੇ ਹੀ ਤੁਹਾਡੇ ਨਾਲ ਦੇਵੇਨ ਬਾਬੂ ਨੇ ਤਸੱਲੀ ਨਾਲ ਸਿਰ ਹਿਲਾ ਕੇ ਕਿਹਾ ਅਤੇ ਫਿਰ ਐਕਸਲਰੇਟਰ ਉਪਰ ਪੈਰ ਰੱਖ ਦਿੱਤਾ ।

ਚੌਂਕ ਪਿਛੇ ਛੁਟ ਗਿਆ, ਪਰ ਬੈਕ ਵਿਊ ਮਿਰਰ ਵਿਚ ਦੂਰ ਡੀ. ਐਸ. ਪੀ. ਦਾ ਨਿਮਰਤਾ ਨਾਲ ਝੁਕਿਆ

ਹੋਇਆ ਚਿਹਰਾ ਜਿਵੇਂ ਨਾਲ ਨਾਲ ਆਇਆ ਸੀ।

ਹੋਟਲ ਗੁਲਨਾਰ ਵਿਚ ਹਾਲਾਤ ਜ਼ਿਆਦਾ ਕਸੂਤੀ ਸੀ। ਦੇਵੇਨ ਬਾਬੂ ਦੇ ਕੋਲ ਖਬਰ ਆਈ ਸੀ ਕਿ ਰਾਤ ਤੋਂ ਉਥੇ ਜਰਨੈਲ ਸਿੰਘ ਅਤੇ ਉਸਦੇ ਆਦਮੀਆਂ ਉਪਰ ਹਮਲਾ ਕਰਨ ਲਈ ਹਥਿਆਰ ਇਕੱਠੇ ਕੀਤੇ ਜਾ ਰਹੇ ਸਨ। ਸ਼ਹਿਰ ਦੇ ਪ੍ਰਸ਼ਾਸਨ ਤੋਂ ਵੀ ਉਹ ਲੋਕ ਬਹੁਤ ਨਰਾਜ਼ ਹਨ ਕਿਉਂਕਿ ਪੁਲਸ ਨੇ ਹਾਲੀ ਤੱਕ ਜਰਨੈਲ ਸਿੰਘ ਨੂੰ ਹੱਥ ਨਹੀਂ ਲਾਇਆ। ਜਰਨੈਲ ਸਿੰਘ ਵੀ ਕਿਸੇ ਤੋਂ ਘਟ ਨਹੀਂ, ਰਾਤ ਜੀਭ ਭਰ ਆਦਮੀਆਂ ਨਾਲ ਉਹ ਗੁਲਨਾਰ ਹੋਟਲ ਦੇ ਅੱਗੇ ਤੋਂ ਲੰਘ ਕੇ ਬੱਕਰਾ ਬੁਲਾ ਕੇ ਗਿਆ ਹੈ। ਗਲ ਜੇ ਨਹੀਂ ਸੰਭਲਦੀ ਤਾਂ ਸ਼ਾਂਤੀ ਦੇ ਭੰਗ ਹੋਣ ਦੀ ਸ਼ੱਕ ਵਿਚ ਦੋਨਾਂ ਪੱਖਾਂ ਦੀਆਂ ਗ੍ਰਿਫਤਾਰੀਆਂ ਕਰਨੀਆਂ ਪੈਣਗੀਆਂ। ਪਰ ਗਲ ਦਬ ਹੀ ਜਾਣੀ ਚਾਹੀਦੀ ਹੈ।

ਅਤੇ ਫਿਰ ਅਜਿਹੇ ਮੌਕਿਆਂ ਉਪਰ ਹੀ ਤਾਂ ਅਫਸਰ ਦੀ ਯੋਗਤਾ ਦੀ ਪਹਿਚਾਣ ਹੁੰਦੀ ਹੈ। ਦੇਵੇਨ ਬਾਬੂ ਨੂੰ ਭਰੋਸਾ ਹੈ ਕਿ ਉਹ ਵਿਚਕਾਰ ਆ ਗਏ; ਤਾਂ ਮਾਮਲਾ ਆਪਣੇ ਆਪ ਰਫਾ-ਦਫਾ ਹੋ ਜਾਏਗਾ।

ਗੁਲਨਾਰ ਦੇ ਮਾਲਕ ਸੀਤਾ ਰਾਮ ਨਾਲ ਹੋਟਲ ਦੇ ਦਰਵਾਜ਼ੇ ਉਪਰ ਹੀ ਦੇਵੇਨ ਬਾਬੂ ਦੀ ਮੁਲਾਕਾਤ ਹੋ ਗਈ। ਦੂਰ ਤੋਂ ਦੇਖਣ ਨਾਲ ਸੀਤਾ ਰਾਮ ਇਕ ਵੱਡਾ ਢਿੱਡ ਵਾਲਾ ਕਲਗੀਧਾਰੀ ਮੁਰਗ ਲਗਦਾ ਹੈ। ਦੇਵੇਨ ਬਾਬੂ ਨੂੰ ਦੇਖ ਕੇ ਉਹ ਕੋਰਨਿਸ਼ ਵਜਾਉਣ ਲਗਿਆ।

—ਆਉ ਹਜ਼ੂਰ, ਮੇਰੇ ਹੋਟਲ ਦੇ ਧੰਨਭਾਗ ਕਿ ਸਾਬਤ ਹਾਲਾਤ ਵਿਚ ਨਹੀਂ ਤਾਂ ਇਸ ਟੁੱਟੀ-ਫੁੱਟੀ ਹਾਲਤ ਵਿਚ ਤਾਂ ਉਸ ਨੂੰ ਆਪ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਗਿਆ।

ਦੇਵੇਨ ਨੇ ਦੇਖਿਆ, ਵਾਕਿਆ ਈ ਹੋਟਲ ਦਾ ਰੰਗ ਰੂਪ ਕਾਫੀ ਵਿਗੜ ਗਿਆ ਸੀ।

—ਕੀ ਨੁਕਸਾਨ ਬਹੁਤ ਹੋ ਗਿਆ ਹੈ, ਸੀਤਾ ਰਾਮ?

—ਅਜੀ ਸਾਹਿਬ ਇਹ ਪੁੱਛੋ ਕਿ ਕੀ ਨੁਕਸਾਨ ਨਹੀਂ ਹੋਇਆ ਹੈ? ਜ਼ਰਾ ਅੰਦਰ ਚਲ ਕੇ ਤਾਂ ਦੇਖੋ। ਸੀਤਾ ਰਾਮ ਦੇਵੇਨ ਬਾਬੂ ਨੂੰ ਹੋਟਲ ਦੇ ਹਾਲ ਵਿਚ ਲੈ ਗਿਆ। ਜਿਥੇ ਝਗੜੇ ਵਿਚ ਟੁੱਟੇ ਹੋਏ ਫਰਨੀਚਰ ਨੂੰ ਇਕ ਢੇਰ ਵਿਚ ਇਕੱਠਾ ਕਰਕੇ ਰੱਖ ਦਿਤਾ ਗਿਆ ਸੀ।

—ਇਹ ਸਭ ਤਾਂ ਠੀਕ ਹੈ, ਸੀਤਾ ਰਾਮ। ਪਰ ਸਾਨੂੰ ਪਤਾ ਲਗਿਆ ਹੈ ਕਿ ਤੁਸੀਂ ਹਥਿਆਰ ਜਮਾ ਕਰਕੇ ਦੰਗੇ ਉਪਰ ਤੁਲੇ ਹੋਏ ਹੋ। ਸ਼ਹਿਰ ਦੇ ਸਾਰੇ ਹੋਟਲਾਂ ਵਿਚ ਹੜਤਾਲ ਕਰਵਾ ਕੇ ਉਨ੍ਹਾਂ ਨੂੰ ਦੰਗਾ ਕਰਨ ਲਈ ਉਕਸਾ ਰਹੇ ਹੋ।

—ਅਜੀ ਹਜ਼ੂਰ, ਸਾਡੀ ਇੰਨੀ ਮਜ਼ਾਲ ਕਿੱਥੇ! ਅਸੀਂ ਤਾਂ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਇਸ ਸ਼ਹਿਰ ਵਿਚ ਜਰਨੈਲ ਸਿੰਘ ਦਾ ਹੀ ਸੱਤੀਂ ਵੀਹੀਂ ਸੌ ਨਹੀਂ ਹੈ। ਆਖਰ ਅਸੀਂ ਵੀ ਤਾਂ ਮਨਿਸਟਰ ਸਾਹਿਬ ਦੇ ਆਪਣੇ ਆਦਮੀ ਹਾਂ। ਉਨ੍ਹਾਂ ਦੀ ਹਰ ਜ਼ੋਣ ਵਿਚ ਸਾਡੀਆਂ ਗੱਡੀਆਂ ਅਤੇ ਸਾਡੇ ਆਦਮੀ ਵੀ ਤਾਂ ਆਪਣਾ ਕਚੂਮਰ ਕਢਵਾਉਂਦੇ ਹਾਂ।

—ਦੇਖੋ ਸੀਤਾ ਰਾਮ, ਮੈਂ ਇਹ ਸਭ ਕੁਝ ਸੁਣਨਾ ਨਹੀਂ ਚਾਹੁੰਦਾ। ਮੈਂ ਤਾਂ ਸਿਰਫ ਇਨਾਂ ਹੀ ਜਾਣਦਾ ਹਾਂ ਕਿ ਹੜਤਾਲ ਦੇ ਨਾਲ ਨਾਲ ਦੰਗੇ ਦੀਆਂ ਧਮਕੀਆਂ ਦੇ ਕੇ ਤੁਸੀਂ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਰਹੇ ਹੋ ਅਤੇ ਜੇ ਤੁਸੀਂ ਆਪਣੀ ਇਸ ਹਰਕਤ ਤੋਂ ਬਾਜ਼ ਨਾ ਆਏ, ਤਾਂ ਪ੍ਰਸ਼ਾਸਨ ਨੂੰ ਤੁਹਾਡੇ ਖਿਲਾਫ ਕਦਮ ਚੁੱਕਣਾ ਪਵੇਗਾ।

ਸੀਤਾ ਰਾਮ ਨੇ ਇਹ ਤੇਵਰ ਵੇਖੇ, ਤਾਂ ਖੁਸ਼ੀ ਨਾਲ ਭਰ ਕੇ ਤਾੜੀ ਮਾਰਨ ਲਗਿਆ—ਵਾਹ ਸਾਹਿਬ, ਸ਼ੇਰਦਿਲ ਅਫਸਰ ਹੋਵੇ ਤਾਂ ਤੁਹਾਡੇ ਵਰਗਾ ਪਰ ਹਜ਼ੂਰ ਹੁਣ ਇਜ਼ਾਜਤ ਚਾਹਾਂਗਾ। ਮਨਿਸਟਰ ਸਾਹਿਬ ਨੇ ਹੁਣੇ ਹੀ ਮੈਨੂੰ ਸਰਕਟ ਹਾਉਂਸ ਵਿਚ ਬੁਲਾਇਆ ਹੈ। ਸਾਡੇ ਵਿਉਪਾਰ ਮੰਡਲ ਦੇ ਪ੍ਰਧਾਨ ਮੀਰਚੰਦਾਨੀ ਸਾਹਿਬ ਵੀ ਸਵੇਰ ਤੋਂ ਉਨ੍ਹਾਂ ਦੇ ਕੋਲ ਬੈਠੇ ਇਸ ਮਸਲੇ ਉਪਰ ਵਿਚਾਰ ਕਰ ਰਹੇ ਹਨ। ਕੁਝ ਫੈਸਲਾ ਹੋ ਗਿਆ ਲਗਦਾ ਹੈ, ਤਦੇ ਹੀ ਇਸ ਨਾਚੀਜ਼ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਮੇਰਾ ਖਿਆਲ ਹੈ ਹਜ਼ੂਰ ਨੂੰ ਇਸ ਸਿਲਸਿਲੇ ਵਿਚ ਕਿਸੇ ਕਿਸਮ ਦੀ ਖੇਚਲ ਨਹੀਂ ਕਰਨੀ ਪਵੇਗੀ। ਵੈਸੇ ਸ਼ਹਿਰ ਦੇ ਸਾਰੇ ਹੋਟਲ ਮਾਲਕਾਂ ਦੀ ਐਕਸ਼ਨ ਕਮੇਟੀ ਇਥੇ ਮੌਜੂਦ ਹੈ, ਆਪ ਇਨ੍ਹਾਂ ਨਾਲ ਜੋ ਫੈਸਲਾ ਕਰ ਲਵੋਂ, ਉਹ ਸਾਡੇ ਸਿਰ ਮੱਥੇ ਹੋਵੇਗਾ।

ਸੀਤਾ ਰਾਮ ਉਥੋਂ ਖਿਸਕ ਗਿਆ, ਤਾਂ ਦੇਵੇਨ ਬਾਬੂ ਇਕ ਪਲ ਦੇ ਲਈ ਵੀ ਉਥੇ ਰੁਕਣਾ ਨਹੀਂ ਚਾਹੁੰਦੇ ਸਨ। ਪਰ ਉਨ੍ਹਾਂ ਦੇ ਨਿਕਲਣ ਤੋਂ ਪਹਿਲਾਂ ਕੀ ਕੁਝ ਤੰਦੂਰ ਅਤੇ ਢੋਲਨੁਮਾ ਆਦਮੀਆਂ ਨੂੰ ਮੈਨੇਜਰ ਦੇ ਕਮਰੇ ਵਿਚੋਂ ਨਿਕਲ ਕੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਦੇ 'ਸਲਾਮ ਹਜ਼ੂਰ' ਅਤੇ ਪੈਂਟਾਂ ਨੂੰ ਚਾਦਰੇ ਵਾਂਗ ਪਹਿਨਣ ਦੇ ਅੰਦਾਜ਼ ਤੋਂ ਲਗਿਆ ਸੀ ਕਿ ਇਹ ਹੋਟਲ ਮਾਲਕਾਂ ਦੀ ਐਕਸ਼ਨ ਕਮੇਟੀ ਵਿਚ ਹੋਵੇਗੀ। ਦੇਵੇਨ ਬਾਬੂ ਉਨ੍ਹਾਂ ਨਾਲ ਕਿਸੇ ਗਲਬਾਤ ਵਿਚ ਉਲਝਣਾ ਨਹੀਂ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਵੀ ਕਾਨੂੰਨ ਨੂੰ ਆਪਣੇ ਹੱਥ ਵਿਚ ਨਾ ਲੈਣ ਦਾ ਸੁਝਾਅ ਦੇ ਕੇ ਉਥੋਂ ਨਿਕਲਣਾ ਚਾਹਿਆ ਪਰ ਇਸ ਗਲ ਤੋਂ ਸਭ ਪਾਸੇ ਕਾਂ-ਕਾਂ ਹੋਣ ਲਗੀ।

ਤਦੇ ਹੀ ਕਾਊਂਟਰ ਉਪਰ ਟੈਲੀਫੋਨ ਦੀ ਘੰਟੀ ਵੱਜਣ ਲਗੀ। ਬਾਰਮੈਨ ਨੇ ਫੋਨ ਸੁਣਨ ਤੋਂ ਬਾਅਦ

ਉਨ੍ਹਾਂ ਦੇ ਕੋਲ ਆ ਕੇ ਸਲਾਮ ਕੀਤਾ—ਹਜ਼ੂਰ, ਸੀਤਾ ਰਾਮ ਜੀ ਮਨਿਸਟਰ ਸਾਹਿਬ ਦੇ ਕੋਲ ਪਹੁੰਚ ਗਏ ਹਨ ਅਤੇ ਤੁਹਾਨੂੰ ਵੀ ਸਰਕਟ ਹਾਊਸ ਵਿਚ ਯਾਦ ਕੀਤਾ ਹੈ।

ਦੇਵੇਨ ਬਾਬੂ ਸਰਕਟ ਹਾਊਸ ਵਿਚ ਪਹੁੰਚੇ ਤਾਂ ਉਥੇ ਮਾਹੌਲ ਬਿਲਕੁਲ ਵੈਸਾ ਹੀ ਸੀ, ਜਿਹੋ ਜਿਹਾ ਕਿਸੇ ਮੰਤਰੀ ਦੇ ਆਉਣ ਤੇ ਹੋ ਜਾਇਆ ਕਰਦਾ ਹੈ। ਬਾਹਰ ਚੌਕਸੀ ਦੇ ਲਈ ਪੁਲਸ ਦੀ ਇਕ ਰੈਗੂਲਰ ਟੁਕੜੀ ਸੀ ਅਤੇ ਅੰਦਰ ਵੇਟਿੰਗ ਰੂਮ ਦੇ ਸੋਫੇ ਉਪਰ ਸਥਾਨਕ ਨੇਤਾ ਲੋਕ ਪਸਰੇ ਹੋਏ ਸਨ।

ਦੇਵੇਨ ਬਾਬੂ ਨੂੰ ਵੜਦਿਆਂ ਹੋਇਆਂ ਵੇਖਿਆ ਤਾਂ ਮੰਤਰੀ ਦੇ ਪੀ. ਏ. ਨੇ ਉਨ੍ਹਾਂ ਨੂੰ ਹੱਥੋਂ ਹੱਥ ਲਪਕ ਕੇ ਲਗਾ ਲਿਆ—ਆਈਏ ਜਨਾਬ, ਮੰਤਰੀ ਜੀ ਆਪ ਦਾ ਹੀ ਇੰਤਜ਼ਾਰ ਕਰ ਰਹੇ ਹਨ।

ਦੇਵੇਨ ਨੇ ਦੇਖਿਆ ਕਿ ਸੋਫੇ ਉਪਰ ਮੰਤਰੀ ਜੀ ਦੇ ਨਾਲ ਮੀਰਚੰਦਾਨੀ ਸਾਹਿਬ ਵੀ ਬੈਠੇ ਹੋਏ ਸਨ। ਕਮਰੇ ਦੇ ਦੂਜੇ ਖੂੰਜੇ ਵਿਚ ਸੀਤਾ ਰਾਮ ਮਿੱਤਰ ਭਾਵ ਨਾਲ ਜਰਨੈਲ ਸਿੰਘ ਦੀਆਂ ਬਾਹਾਂ ਦੀਆਂ ਮਛਲੀਆਂ ਟਟੋਲ ਰਿਹਾ ਸੀ—ਵਾਹ ਕੀ ਜਵਾਨੀ ਪਾਈ ਹੈ, ਹਜ਼ੂਰ ਨੇ। ਖੁਦਾ ਦੁਸ਼ਮਣਾਂ ਦੀ ਭੈੜੀ ਨਜ਼ਰ ਤੋਂ ਬਚਾਏ।

ਦੇਵੇਤ ਬਾਬੂ ਇਸ ਦ੍ਰਿਸ਼-ਤਬਦੀਲੀ ਤੋਂ ਥੋੜਾ ਜਿਹਾ ਹੈਰਾਨ ਹੋਏ।

—ਹਾਂ ਦੇਵੇਨ ਸਾਹਿਬ, ਇਹ ਮਾਮਲਾ ਤਾਂ ਅਸੀਂ ਨਿਪਟਾ ਦਿਤਾ। ਅਸਲ ਵਿਚ ਗੱਲ ਇਹ ਹੈ ਕਿ ਕੁਝ ਸਮਸਿਆਵਾਂ ਦਾਂ ਹੱਲ ਅਸਾਂ ਲੋਕਾਂ ਨੂੰ ਸਿਆਸੀ ਪੱਧਰ ਤੇ ਕਰਨਾ ਪੈਂਦਾ ਹੈ ਅਤੇ ਕੁਝ ਦਾ ਤੁਸਾਂ ਲੋਕਾਂ ਨੂੰ ਪ੍ਰਸ਼ਾਸਨਕ ਪੱਧਰ ਤੇ। ਗਲ ਖਤਮ ਕਰਕੇ ਉਹ ਹਸਣ ਲਗੇ ਤਾਂ ਨਾਲ ਨਾਲ ਕਮਰੇ ਵਿਚ ਮੌਜੂਦ ਸਾਰੇ ਲੋਕ ਵੀ ਹੱਸ ਪਏ ਸਨ ਜਿਵੇਂ ਕਿ ਹੁੰਗਾਰਾ ਭਰਦੇ ਹੋਣ।

—ਹੁਣ ਸਾਨੂੰ ਕੋਈ ਸ਼ਿਕਵਾ ਨਹੀਂ ਹੈ ਹਜ਼ੂਰ। ਛੋਟੇ ਸਾਹਿਬ ਦੀ ਗੁਸਤਾਖੀ ਦੇ ਕਾਰਨ ਮਾਂ-ਬਾਪ ਦੀ ਕ੍ਰਿਪਾ ਦ੍ਰਿਸ਼ਟੀ ਸਾਡੇ ਉਪਰ ਹੋ ਗਈ ਹੈ, ਇਸ ਤੋਂ ਵੱਧ ਸਾਨੂੰ ਹੋਰ ਚਾਹੀਦਾ ਹੀ ਕੀ ਹੈ ? ਸੀਤਾ ਰਾਮ ਨੇ ਚਾਸ਼ਨੀ ਭਿੱਜੀ ਆਵਾਜ਼ ਨਾਲ ਕਿਹਾ।

—ਤੁਸੀਂ ਤਾਂ ਸਾਡੇ ਬੇਟੇ ਹੋ, ਸੀਤਾ ਰਾਮ। ਜਰਨੈਲ ਸਿੰਘ ਨੇ ਹੁਣ ਤੁਹਾਡੇ ਹੋਟਲ ਵੱਲ ਮੂੰਹ ਕੀਤਾ ਤਾਂ ਮੈਂ ਉਹਦੀਆਂ ਟੰਗਾਂ ਤੋੜ ਦੇਵਾਂਗਾ।

—ਨਹੀਂ ਹਜ਼ੂਰ, ਜਰਨੈਲ ਸਿੰਘ ਗੁਲਨਾਰ ਆਉਣ, ਸੱਤ ਜਨਮ ਆਉਣ, ਆਖਰ ਉਨ੍ਹਾਂ ਦੇ ਅੰਕਲ ਦਾ ਹੋਟਲ ਹੈ। ਮੀਰਚੰਦਾਨੀ ਸਾਹਿਬ ਵੀ ਮੁਸਕਰਾਏ।

ਦੇਵੇਨ ਬਾਬੂ ਨੇ ਨਿਰਪੱਖ ਭਾਵ ਨਾਲ ਇਸ ਬਦਲੇ ਹੋਏ ਮਾਹੌਲ ਨੂੰ ਵੇਖਿਆ ਇੰਨੇ ਸਾਲਾਂ ਦੀ ਨੌਕਰੀ ਤੋਂ ਬਾਅਦ ਇਹ ਸਿਆਸੀ ਹੱਲ ਹੁਣ ਉਨ੍ਹਾਂ ਨੂੰ ਹੈਰਾਨ ਨਹੀਂ ਕਰਦੇ, ਸਿਰਫ ਰੁਟੀਨ ਲੱਗਦੇ ਹਨ ਜਾਂ ਅ ਤ ਊ।

—ਮੇਰੇ ਲਈ ਹੁਣ ਕੀ ਹੁਕਮ ਹੈ, ਸਰ ? ਉਨ੍ਹਾਂ ਨੇ ਇਕ ਮਸ਼ੀਨੀ ਨਿਮਰਤਾ ਨਾਲ ਪੁੱਛਿਆ ਸੀ।

ਮੰਤਰੀ ਜੀ ਦੇਵੇਨ ਬਾਬੂ ਦੀ ਇਸ ਨਿਮਰਤਾ ਤੋਂ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਦੇਵੇਨ ਨੂੰ ਆਪਣੀ ਬਾਂਹ ਵਿਚ ਲਪੇਟ ਕੇ ਉਸ ਦੇ ਮੱਥੇ ਨੂੰ ਪਿਤਾ ਵਰਗੇ ਸਨੇਹ ਨਾਲ ਚੁੰਮ ਲਿਆ—ਮੀਰਚੰਦਾਨੀ, ਦੇਵੇਨ ਮੇਰੇ ਸਰਵ-ਉਤਮ ਅਫਸਰ ਵਿਚੋਂ ਇਕ ਹੈ। ਉਨ੍ਹਾਂ ਨੇ ਲਾਡ ਨਾਲ ਉਸ ਨੂੰ ਥਾਪੜਿਆ ਅਤੇ ਫਿਰ ਇਸੇ ਤਰ੍ਹਾਂ ਬੈਠੇ ਬੈਠੇ ਹੀ ਸੀਤਾ ਰਾਮ ਨੂੰ ਕੋਲ ਬੁਲਾਕੇ ਦੂਜੀ ਬਾਂਹ ਵਿਚ ਸਮੇਟ ਲਿਆ—ਸੀਤਾ ਰਾਮ ਵੀ ਮੇਰੇ ਬੇਟੇ ਦੀ ਤਰ੍ਹਾਂ ਹਨ, ਦੇਵੇਨ ਤੁਹਾਨੂੰ ਇਸ ਲਈ ਇਥੇ ਤੱਕ ਬੁਲਾਇਆ ਗਿਆ ਸੀ ਕਿ ਤੁਸੀਂ ਇਹ ਯਾਦ ਰਖ ਸਕੋ ਕਿ ਮੇਰਾ ਇਕ ਬੇਟਾ ਸੀਤਾ ਰਾਮ ਇਸ ਸ਼ਹਿਰ ਵਿਚ ਹੋਟਲ ਗੁਲਨਾਰ ਚਲਾ ਰਿਹਾ ਹੈ।

ਦੇਵੇਨ ਬਾਬੂ ਨੂੰ ਅਜਿਹੀ ਗੱਲ ਸਮਝਣ ਵਿਚ ਦੇਰ ਨਹੀਂ ਲਗਦੀ, ਹਾਂ ਇਸ ਦੇ ਜਵਾਬ ਵਿਚ ਉਨ੍ਹਾਂ ਦਾ ਸਿਰ ਆਪਣੇ ਆਪ ਹੀ ਹਿਲ ਗਿਆ ਸੀ—ਮੈਂ ਇਸ ਗੱਲ ਨੂੰ ਯਾਦ ਰਖਾਂਗਾ, ਸਰ।

ਦੇਵੇਨ ਬਾਬੂ ਇਜਾਜ਼ਤ ਲੈ ਕੇ ਉਠਣ ਲਗੇ ਤਾਂ ਮੰਤਰੀ ਜੀ ਨੇ ਗੰਭੀਰਤਾ ਨਾਲ ਕਿਹਾ ਸੀ—ਇਹ ਮਾਮਲਾ ਤਾਂ ਇਸ ਪੱਧਰ ਤੇ ਨਿਪਟ ਗਿਆ, ਦੇਵੇਨ। ਪਰ ਮੈਂ ਚਾਹਾਂਗਾ ਕਿ ਤੁਸੀਂ ਚੌਂਕ ਵਿਚ ਇਕੱਠੇ ਹੋ ਰਹੇ ਉਨ੍ਹਾਂ ਆਮ ਲੋਕਾਂ ਨੂੰ ਵੀ ਕਿਸੇ ਤਰ੍ਹਾਂ ਦੀ ਬਦਅਮਨੀ ਫੈਲਾਉਣ ਦੀ ਇਜ਼ਾਜ਼ਤ ਨਾ ਦਿਉ। ਤੁਹਾਡੇ ਵਰਗੇ ਚੰਗੇ ਅਫਸਰਾਂ ਦੇ ਹੁੰਦੇ ਹੋਏ ਮੇਰੇ ਇਲਾਕੇ ਦਾ ਕੋਈ ਹੰਗਾਮਾ ਅਖਬਾਰਾਂ ਵਿਚ ਨਹੀਂ ਆਉਣਾ ਚਾਹੀਦਾ, ਇੰਨਾਂ ਤਾਂ ਸਮਝਦੇ ਹੋ ਨਾ ?

ਦੇਵੇਨ ਬਾਬੂ ਫਿਰ ਸਿਰ ਹਿਲਾ ਕੇ ਸਰਕਟ ਹਾਊਸ ਤੋਂ ਬਾਹਰ ਨਿਕਲੇ ਤਾਂ ਵਾਰ ਵਾਰ ਉਨ੍ਹਾਂ ਨੂੰ ਲਗਦਾ ਸੀ ਮੰਤਰੀ ਜੀ ਦੇ ਚੁੰਮਣ ਦੀ ਤਪਸ ਹਾਲੇ ਵੀ ਮੱਥੇ ਉਪਰ ਮਹਿਸੂਸ ਹੋ ਰਹੀ ਹੈ।

... ... ...

ਚੌਂਕ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੁਜ਼ਾਹਿਰਾ ਕਰਨ ਵਾਲਿਆਂ ਦੇ ਨਾਹਰੇ ਅਤੇ ਸ਼ੋਰ ਦੇਵੇਨ ਬਾਬੂ ਤੱਕ ਪਹੁੰਚਣ ਲਗੇ। ਇਸ ਸ਼ੋਰ ਵਿਚ ਹਰ ਤਰ੍ਹਾਂ ਦੀਆਂ ਆਵਾਜ਼ਾਂ ਸਨ। ਬੁੱਢਿਆਂ, ਬੱਚਿਆਂ ਅਤੇ ਔਰਤਾਂ ਦਾ ਮਿਲਿਆ-ਜੁਲਿਆ ਸ਼ੋਰ। ਪਰ ਜਦੋਂ ਤਕ ਦੇਵੇਨ ਬਾਬੂ ਚੌਂਕ ਤਕ ਪਹੁੰਚੇ, ਇਹ ਸ਼ੋਰ ਟੁੱਟਣ ਲਗਿਆ ਕਿਉਂਕਿ ਟੀਅਰ ਗੈਸ ਦੇ ਸ਼ੈੱਲ ਭੀੜ ਵਿਚ ਆ ਆ ਕੇ ਫਟਣ

ਲਗੇ ਸਨ ਅਤੇ ਦੇਖਦਿਆਂ ਹੀ ਦੇਖਦਿਆਂ ਜੋਸ਼ੀਲੇ ਨਾਹਰੇ ਅੱਖਾਂ ਉਪਰ ਰੁਮਾਲ ਰਖ ਕੇ ਭਜਦੇ ਹੋਏ ਲੋਕਾਂ ਦੀਆਂ ਮਾਸੂਮ ਆਵਾਜ਼ਾਂ ਬਦਲਦੇ ਚਲੇ ਗਏ। ਸਾਹਮਣੇ ਖੜੇ ਕੁਝ ਨੌਜਵਾਨ ਹਾਲੀ ਵੀ ਆਪਣੇ ਪਿਚਕੇ ਹੋਏ ਢਿੱਡ ਵਜਾ ਰਹੇ ਸਨ। ਦੇਵੇਨ ਚੌਂਕ ਵਿਚ ਪਹੁੰਚੇ ਤਾਂ ਗੁਪਤਾਂ ਸਾਹਿਬ ਨੇ ਨੌਜਵਾਨਾਂ ਦਾ ਰੁੱਖ ਹਿੰਸਕ ਹੁੰਦਾ ਵੇਖ ਕੇ ਲਾਠੀਚਾਰਜ ਦਾ ਹੁਕਮ ਵੀ ਦੇ ਦਿਤਾ। ਰੰਗਰੂਟ ਦੇਵੇਨ ਬਾਬੂ ਦੀ ਜੀਪ ਰੁਕਦਿਆਂ ਵੇਖ ਕੇ ਜਿਵੇਂ ਹੋਰ ਵੀ ਉਤਸ਼ਾਹ ਨਾਲ ਭਰ ਉਠੇ। ਉਹ ਲਾਠੀਆਂ ਮਾਰ ਮਾਰ ਕੇ ਉਨ੍ਹਾਂ ਲੋਕਾਂ ਨੂੰ ਦੂਰ ਦੂਰ ਤਕ ਖਦੇੜ ਦੇ ਚਲੇ ਗਏ ਸਨ। ਭੱਜਦੇ ਹੋਏ ਲੋਕਾਂ ਦਾ ਪਿਛਾ ਗਲੀਆਂ ਅਤੇ ਘਰਾਂ ਵਿਚ ਘੁਸ-ਘੁਸਕੇ ਵੀ ਕੀਤਾ ਗਿਆ।

ਉਹ ਚੌਂਕ ਉਪਰ ਖਿੰਡੀਆਂ ਪਈਆਂ ਉਨ੍ਹਾਂ ਚੀਜ਼ਾਂ ਉਪਰੋਂ ਲੰਘਦੇ ਚਲੇ ਗਏ ਸਨ। ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਹਨ। ਇਹ ਕੋਈ ਛੋਟਾ ਬੱਚਾ ਸੀ, ਸ਼ਾਇਦ। ਲਾਠੀ ਚਲਾਉਣ ਵਾਲੇ ਤੋਂ ਡਰ ਕੇ ਆਪਣੀਆਂ ਸੈਂਡਲਾਂ ਛਡ ਕੇ ਹੀ ਭੱਜ ਗਿਆ। ਕਿਸ ਦੀਆਂ ਸੈਂਡਲਾਂ ਹਨ ਇਹ ? ਮੁੰਨਾ ਮੀਆਂਵੀ ਤਾਂ ਅਜਿਹੀਆਂ ਸੈਂਡਲਾਂ ਪਹਿਨਿਆਂ ਕਰਦੇ ਸਨ। ਰੇਲ ਗੱਡੀ ਦੀ ਚੀਕ ਤੋਂ ਡਰਕੇ ਭਜਦੇ ਹੋਏ ਮੁੰਨੇ ਮੀਆਂ ਵੀ ਮੁਜ਼ਾਹਿਰੇ ਵਿਚ ਆਏ ਸਨ ? ਇਸ ਵੇਲੇ ਮੁੰਨੇ ਮੀਆਂ ਦੀ ਯਾਦ !

ਦੇਵੇਨ ਬਾਬੂ ਨੇ ਦੇਖਿਆ ਚੌਂਕ ਦੇ ਇਕ ਪਾਸੇ ਕੁਝ ਜਨਾਨਾ ਚੁੰਨੀਆਂ ਡਿੱਗੀਆਂ ਪਈਆਂ ਸਨ। ਦੁਪੱਟੇ ਨਹੀਂ, ਉਨ੍ਹਾਂ ਵਿਚ ਲਿਪਟੀਆਂ ਹੋਈਆਂ ਕਿੰਨੀਆਂ ਸਾਰੀਆਂ ਆਮ ਔਰਤਾਂ। ਨਾ ਜਾਣੇ ਕਿਉਂ ਇਕ ਪਲ ਦੇ ਲਈ ਲਗਿਆ, ਜਿਵੇਂ ਕੋਈ ਔਰਤ ਆਪਣੀ ਚੁੰਨੀ ਸੁੱਟ ਕੇ, ਵਾਲਾਂ ਨੂੰ ਖਿੰਡਾ ਕੇ ਚੌਂਕ ਵਿਚ ਵਿਰਲਾਪ ਕਰ ਰਹੀ ਹੈ। ਸਵੇਰੇ ਤਾਂ ਇਸ ਨੂੰ ਬਾਥਰੂਮ ਵਿਚ ਵੇਖਿਆ ਸੀ ਨਾ। ਕੌਣ ਹੈ ? ਰਾਤ ਵਾਲੀ ਔਰਤ ਹੈ ਇਹ, ਲਕਸ਼ਮੀ ਨਹੀਂ, ਫਿਰ ਧੋਖਾ ਹੋ ਗਿਆ ਹੈ।

ਦੇਵੇਨ ਹੱਠ ਕਰਕੇ ਅੱਗੇ ਚਲੇ ਆਏ। ਸਾਹਮਣੇ ਸੜਕ ਉੱਪਰ ਖੂਨ ਦੇ ਕੁਝ ਧੱਬੇ ਸਨ; ਅਤੇ ਕਿਸੇ ਬੁੱਢੇ ਮੂੰਹ ਦੇ ਕੁਝ ਟੁੱਟੇ ਹੋਏ ਦੰਦ ਡਿਗੇ ਹੋਏ ਸਨ ਦੇਵੇਨ ਕੁਝ ਪਲਾਂ ਤਕ ਇਨ੍ਹਾਂ ਦੰਦਾਂ ਨੂੰ ਵੇਖਦੇ ਰਹੇ। ਨਾ ਜਾਣੇ ਕਿਉਂ ਲਗਦਾ ਸੀ, ਦੰਦ ਨਹੀਂ, ਬਵਾਸੀਰ ਨਾਲ ਖੰਘਦਾ ਅਤੇ ਕਰਾਹੁੰਦਾ ਹੋਇਆ ਕੋਈ ਬੁੱਢਾ ਕੁਟਿਆ ਗਿਆਂ ਹੈ ਉਸਦਾ ਕੰਬਦਾ ਹੋਇਆ ਬੋਲ ਉਭਰਦਾ ਸੀ :

—ਸੁਬਹ ਹੋ ਗਈ ਉਠੋਗੇ ਨਹੀਂ ਦੇਵੇਨ ?

ਦੇਵੇਨ ਬਾਬੂ ਮੁੜ ਕੇ ਜੀਪ ਕੋਲ ਆਏ ਤਾਂ ਡੀ. ਐਸ. ਪੀ. ਅਤੇ ਮੈਜਿਸਟਰੇਟ ਗੁਪਤਾ ਉਥੇ ਖੜੇ ਸਨ।

—ਵੈਲ ਡਨ ਮਾਈ ਬੁਆਇਜ਼। ਪਰ ਆਪਣੇ ਜਵਾਨਾਂ ਨੇ ਬਹੁਤ ਜ਼ਿਆਦਾ ਤਾਂ ਨਹੀਂ ਕੁਟਿਆ ਕਿਸ ਨੂੰ ? ਉਨ੍ਹਾਂ ਨੇ ਕੋਲ ਰੁੱਕ ਕੇ ਇਕ ਮਸ਼ੀਨੀ ਅਤੇ ਕਾਰੋਂਵਾਰੀ ਅੰਦਾਜ਼ ਵਿਚ ਪੁਛਿਆ ਸੀ।

—ਨੋ ਸਰ, ਐਵਰੀਥਿੰਗ ਵਾਜ਼ ਅੰਡਰ ਅਵਰ ਕੰਟਰੋਲ (ਨਹੀਂ ਸ੍ਰੀ ਮਾਨ ਜੀ, ਹਰ ਚੀਜ਼ ਸਾਡੇ ਜਬਤ ਹੇਠਾਂ ਸੀ) ਗੁਪਤਾ ਸਾਹਿਬ ਨੇ ਜਵਾਬ ਦਿੱਤਾ।

—ਰਾਈਟ ! (ਠੀਕ ਹੈ) ਪਰ ਚਲਣ ਤੋਂ ਪਹਿਲਾਂ ਇਹ ਖਿੰਡੀਆਂ ਹੋਈਆਂ ਚੀਜ਼ਾਂ ਚੌਂਕ ਤੋਂ ਉਠਾ ਕੇ ਸੁਟ ਦੇਣਾ ਡੀ. ਐਸ. ਪੀ. ਸਾਹਿਬ। ਅਤੇ ਜਦ ਜੀਪ ਵਿਚ ਬੈਠਦੇ ਹੋਏ ਉਹ ਬਿਲਕੁਲ ਠੰਡੀ ਆਵਾਜ਼ ਵਿਚ ਹੁਕਮ ਦੇ ਸਕੇ ਸਨ।

ਚੌਂਕ ਤੋਂ ਜੀਪ ਮੁੜੀ ਤਾਂ ਅੱਖਾਂ ਦੇ ਸਾਹਮਣੇ ਫਿਰ ਉਸ ਘਰ ਦਾ ਨਕਸ਼ਾ ਸੀ ਜਿਸ ਦੇ ਪਿਛੇ ਰੇਲਵੇ ਲਾਈਨ ਤੋਂ ਗੱਡੀਆਂ ਚੀਕਦੀਆਂ ਹੋਈਆਂ ਗੁਜ਼ਰ ਜਾਂਦੀਆਂ ਹਨ। ਨਹੀਂ ਹਾਲੀ ਉਹ ਇਨ੍ਹਾਂ ਚੀਕਾਂ ਦਾ ਸਾਹਮਣਾ ਕਰਨ ਦੇ ਲਈ ਤੱਤਪਰ ਨਹੀਂ। ਹਾਲੀ ਉਹ ਨਹੀਂ ਮੁੜਨਾ ਚਾਹੁੰਦੇ। ਹਾਲੀ ਤਾਂ ਉਹ ਕਲੱਬ ਵਿਚ ਜਾ ਕੇ ਬਹੁਤ ਦੇਰ ਤੱਕ ਪੀਂਦੇ ਰਹਿਣਾ ਚਾਹਣਗੇ ਅਤੇ ਫਿਰ ਇਸ ਵੇਲੇ ਤਾਂ ਉਥੇ ਆਫਟਰਨੂਨ ਦਾ ਬਿਲਯਰਡ ਸੈਸ਼ਨ ਵੀ ਜਮਾਂ ਹੋਇਆ ਹੋਵੇਗਾ।

ਅਨੁਵਾਦ : ਅਮਰ ਆਫਤਾਬ

o


ਪੰਜਾਬ ਲੋਕ ਸਭਿਆਚਾਰ ਮੰਚ ਵਲੋਂ ਦੇਸ਼ ਭਗਤ ਹਾਲ, ਜਲੰਧਰ

ਐਤਵਾਰ 8 ਅਗਸਤ ਦੁਪਹਿਰੇ ਦੋ ਵਜੇ ਤੋਂ ਸ਼ਾਮ 6 ਵਜੇ ਤਕ

ਇਕ ਗੀਤ ਸੰਗੀਤ ਸਮਾਗਮ 'ਸੰਘਰਸ਼ ਕਰਦੇ ਲੋਕਾਂ ਦੇ ਗੀਤ'

ਹੋ ਰਿਹਾ ਹੈ। ਸਾਰਿਆਂ ਨੂੰ ਖੁਲ੍ਹਾ ਸੱਦਾ ਹੈ।

ਅਦਾਰਾ ਪ. ਲ. ਸ. ਮੰਚ

ਕਹਾਣੀ :

# ਪਹਿਲੀ ਤੋਂ ਅਗਲੀ ਝਾਕੀ

o

ਲਾਲ ਸਿੰਘ

ਪਰਦਾ ਉੱਠਿਆ ਹੈ, ਉੱਠਿਆ ਨਹੀਂ ਸਰਕਿਆ ਹੈ। ਥੋੜਾ ਖੱਬੇ ਹੱਥ, ਬਹੁਤਾ ਸੱਜੇ ਹੱਥ। ਚਿੱਟੇ ਪੀਲੇ ਚਾਨਣ ਨਾਲ ਤੁੰਨਿਆ ਇਕ ਹਾਲ ਕਮਰਾ ਸਟੇਜ ਤੇ ਉਭਰਦਾ ਹੈ । ਇਸਦੇ ਰੌਸ਼ਨਦਾਨਾਂ, ਤਾਕੀਆਂ, ਅਲਮਾਰੀਆਂ,ਦਰਵਾਜ਼ਿਆਂ ਦੇ ਨਾਂ, ਭਗਤਾਂ-ਦੇਸ਼ ਭਗਤਾਂ, ਯੋਧਿਆਂ-ਸੂਰਬੀਰਾਂ, ਇਤਿਹਾਸਾਂ-ਮਿਥਿਹਾਸਾਂ ਧਰਮਾਂ-ਗ੍ਰੰਥਾਂ, ਰਾਜਿਆਂ-ਰਾਣਿਆਂ ਦੇ ਨਾਵਾਂ ਨਾਲ ਜੋੜ ਕੇ ਰੱਖੇ ਹੋਏ ਹਨ।

ਹਾਲ ਕਮਰੇ ਦੇ ਉੱਚੇ ਥੜੇ ਤੇ ਬੈਠੀ ਵੱਡੀ ਕੁਰਸੀ ਕੁਝ ਬੋਲਣ ਲਈ ਅਪਣੀ ਧੌਅ ਤਣ ਲੈਂਦੀ ਹੈ।

ਕਮਰੇ ਅੰਦਰ ਗੋਲ ਦਾਇਰੇ ਬਣਾਈ ਬੈਠੀਆਂ ਛੋਟੀਆਂ ਕੁਰਸੀਆਂ ਦੇ ਕੰਨ ਖੜੇ ਹੋ ਜਾਂਦੇ ਹਨ।

—ਯਾਦ ਹੈ ਕਿ ਹੋਂਦ ਮੇਰੇ ਕਾਰਨ ਹੈ ? ਵੱਡੀ ਆਖਦੀ ਹੈ।

—ਜੀ...ਈ ਮਾਈ ਬਾਪ, ਹਾਂ...ਹਾਂ ਮਾਈ ਬਾਪ।

—ਕਿਸੇ ਨੂੰ ਭੁਲੇਖਾ ਨਾ ਹੋਵੇ ਕਿ ਮੈਂ ਤੁਹਾਡੀ ਬਦੌਲਤ ਹਾਂ !

—ਨਹੀਂ...ਨਈਂ ਮਾਈ ਬਾਪ ਨਾ...ਨਾ ਮਾਈ ਬਾਪ।

—ਕੰਧਾਂ ਦੀ ਇਸ ਸੰਬੰਧੀ ਕੀ ਰਾਏ ਹੈ ? ਵੱਡੀ ਕੁਰਸੀ ਨੇ ਚਾਰੇ ਪਾਸੇ ਅੱਖਾਂ ਘੁਮ ਈਆਂ ਹਨ।

ਪਿਛਲੀ ਕੰਧ ਨੇ ਹੱਥਾਂ 'ਚ ਸਾਂਭੇ ਚੌਰ ਸਮੇਤ ਕੁਰਸੀ ਸਾਹਮਣੇ ਹੋ ਕੇ ਡੰਡੌਤ ਕੀਤੀ ਹੈ, ਬੋਲੀ ਕੁਝ ਨਹੀਂ। ਸਾਹਮਣੀ ਕੰਧ ਨੇ ਚਾਰ ਕਦਮ ਅੱਗੇ ਵੱਧ ਕੇ ਸਲੂਟ ਮਾਰਿਆ ਹੈ, ਬੋਲੀ ਕੁਝ ਨਹੀਂ। ਸੱਜੇ-ਖੱਬੇ ਵਾਲੀਆਂ ਦੋਨੋਂ ਕੰਧਾਂ ਨੇ ਦੋ ਦੋ ਕਦਮ ਖੱਬੇ-ਸੱਜੇ ਪੁਜ਼ੀਸ਼ਨਾਂ ਲੈ ਕੇ ਇਕੱਠਿਆਂ ਸਲੂਟ ਮਾਰਿਆ ਹੈ, ਬੋਲੀਆਂ ਉਹ ਵੀ ਕੁਝ ਨਹੀਂ।

ਵੱਡੀ ਕੁਰਸੀ ਦੇ ਚਿਹਰੇ ਉਤੇ ਮਸ਼ਕਰੀ ਭਰੀ ਮੁਸਕਾਨ ਤਣ ਗਈ ਹੈ।...ਹੌਲੇ ਜਿਹੇ ਪੈਨ ਵਾਲਾ ਹੱਥ ਕਾਪੀ ਤੋਂ ਉੱਪਰ ਉਠਾ, ਅਸ਼ੀਰਵਾਦ ਦੀ ਮੁਦਰਾ ਵਜੋਂ ਹਵਾ ਵਿਚ ਹਿਲਾਇਆ ਹੈ।

ਕੰਧਾਂ ਨੇ ਸਲੂਟ ਲਈ ਚੁਕਿਆ ਇਕ-ਇਕ ਹੱਥ ਦੂਜੇ ਮੋਢੇ ਤੇ ਧਰੇ ਹਥਿਆਰਾਂ ਦੇ ਬੱਟ ਤੇ ਮਾਰ ਕੇ ਨੀਵਾਂ ਕੀਤਾ ਹੈ ਅਤੇ ਅਪਣੀ ਥਾਂ ਸਿਰ ਚਲੀਆਂ ਗਈਆਂ ਹਨ।

—ਦਰਵਾਜ਼ੇ-ਖਿੜਕੀਆਂ ਦਾ ਕੀ ਵਿਚਾਰ ਹੈ ? ਵੱਡੀ ਕੁਰਸੀ ਦੇ ਚਿਹਰੇ ਤੇ ਫਿਰ ਗੰਭੀਰਤਾ ਦੀ ਛਾਂ ਹੋ ਗਈ।

ਦਰਵਾਜ਼ੇ-ਖਿੜਕੀਆਂ ਨੂੰ ਜਿਵੇਂ ਕੁਝ ਵੀ ਨਾ ਸੁਣਿਆ ਹੋਵੇ।

—ਵੱਡੀ ਕੁਰਸੀ ਦੇ ਬੋਲ ਫਿਰ ਕੜਕੇ ਹਨ।

ਹਵਾ ਦਾ ਇਕ ਠੰਡਾ-ਠਾਰ ਫੁਰਾਟਾ ਹਾਲ ਕਮਰੇ ਅੰਦਰ ਲੰਘ ਆਉਂਦਾ ਹੈ, ਪਰ ਦਰਵਾਜ਼ਾ ਬਾਹਰ ਵਲ ਮੂੰਹ ਕੀਤੀ ਆਪਣੀ ਆਪਣੀ ਥਾਂ ਖੜਾ ਰਹਿੰਦਾ ਹੈ।

—ਵੱਡੀ ਕੁਰਸੀ ਦਾ ਧਿਆਨ ਛੱਤ ਵਲ ਜਾਂਦਾ ਹੈ।

—ਛੱਤ, ਹੱਸ ਛੱਡਦੀ ਹੈ।

ਵੱਡੀ ਕੁਰਸੀ ਦੇ ਚਿਹਰੇ ਤੇ ਤਿਊੜੀਆਂ ਉਭਰ ਆਉਂਦੀਆਂ ਹਨ ਅਤੇ ਉਹ ਫਰਸ਼ ਵਲ ਵੇਖਣ ਲਗਦੀ ਹੈ।

ਕੁਰਸੀਆਂ ਦੇ ਪੈਰਾਂ ਨੂੰ ਲੱਗੀਆਂ ਖੁਰੀਆਂ ਦੀ ਚੋਭ ਕਾਰਨ ਸੁੱਤੇ ਹੋਏ ਫ਼ਰਸ਼ ਨੇ ਅੱਖਾਂ ਪੱਟੀਆਂ ਹਨ— ਪਾਸਾ ਪਰਤਿਆ ਹੈ। ਆਕੜ ਭੰਨ ਕੇ ਆਲਸ ਤੋੜੀ ਹੈ ਅਤੇ ਖਿਲਰੀ ਜੁੱਲੀ ਦੀ ਬੁਕਲ ਮਾਰ ਕੇ ਬੈਠ ਜਾਂਦਾ ਹੈ।

ਨੀਂਦੋ ਜਾਗੇ ਫ਼ਰਸ਼ ਦੀਆਂ ਅੱਖਾਂ ਅੰਦਰ ਲਾਲ-ਲਾਲ ਡੋਰੇ ਦੇਖਕੇ ਵੱਡੀ ਕੁਰਸੀ ਅਵਾ-ਤਵਾ ਬੋਲਦੀ ਚੌਹਾਂ ਲੱਤਾਂ ਭਾਰ ਉੱਠ ਕੇ ਖੜੀ ਹੋ ਜਾਂਦੀ ਹੈ।

ਚੀਥੜੇ ਜਿਹੀ ਜੁੱਲੀ ਦੀ ਢੋਅ ਲਾਈ ਬੈਠਾ, ਕਾਲ-ਕਲੂਟਾ, ਚਿੱਥ-ਖੜਿਥਾ ਫ਼ਰਸ਼, ਸਿਓ ਰੰਗੀ ਕੁਰਸੀ ਦੇ ਗੋਲ-ਮਟੋਲ ਚਿਹਰੇ ਤੇ ਬੀੜੀਆਂ ਬਿੱਲੀਆਂ ਅੱਖਾਂ ਵਿਚੋਂ ਚੋਂਦੇ ਸ਼ਰਬਤੀ ਰੰਗ ਨੂੰ ਦੇਖਦਾ ਰਹਿੰਦਾ ਹੈ... ਦੇਖਦਾ ਰਹਿੰਦਾ ਹੈ।

ਬੇ-ਆਰਾਮ ਹੋਈ ਕੁਰਸੀ ਤਲਮਲਾ ਜਾਂਦੀ ਹੈ ਤੇ ਆਕਾਰਨ ਹੀ ਪਾਸੇ ਮਾਰਨ ਲਗਦੀ।

ਫ਼ਰਸ਼ ਦੀ ਤਾੜਵੀਂ ਨਿਗਾਹ ਕੁਰਸੀ ਦੇ ਚਿਹਰੇ ਤੇ ਉਵੇਂ ਦੀ ਉਵੇਂ ਹੀ ਟਿਕੀ ਰਹਿੰਦੀ ਹੈ...ਟਿਕੀ ਰਹਿੰਦੀ ਹੈ।

—ਇਹ ਕੀ ਬਕਵਾਸ ਹੈ ? ਆਖ਼ਿਰ ਕੁਰਸੀ ਤੋਂ ਰਿਹਾ ਨਹੀਂ ਜਾਂਦਾ।

—ਫ਼ਰਸ਼ ਦੀ ਬਿਰਤੀ ਨਹੀਂ ਟੁੱਟਦੀ।

—ਮੈਂ ਆਖਦੀ ਹਾਂ.. ਇਹ ਸੱਭ ਕੁਝ ਬੰਦ ਕਰ ਨਹੀਂ ਤਾਂ...ਨਹੀਂ ਤਾਂ ਕੋੜੇ ਖਾਏਂਗਾ, ਜਿਹਲ ਜਾਏਂਗਾ, ਫਾਂਸੀ ਲੱਗੇਂਗਾ।

—ਫ਼ਰਸ਼ ਤੇ ਕੋਈ ਅਸਰ ਨਹੀਂ ਹੁੰਦਾ।

ਆਪੇ ਤੋਂ ਬਾਹਰ ਹੋਈ ਵੱਡੀ ਕੁਰਸੀ ਨੂੰ ਆਪਣਾ ਸਿੰਘਾਸਣ ਹਿਲਦਾ ਜਾਪਦਾ ਹੈ। ਉਸ ਨੇ ਛੋਟੀਆਂ ਕੁਰਸੀਆਂ ਤੋਂ ਅਜਿਹੇ 'ਬਾਹਿਯਾਤ' ਫ਼ਰਸ਼ ਨੂੰ ਤਹਿਸ-ਨਹਿਸ ਕਰ ਦੇਣ ਦਾ ਸਮਰਥਨ ਮੰਗਿਆ ਹੈ।

ਛੋਟੀਆਂ ਕੁਰਸੀਆਂ ਨੇ ਦੋਨੋਂ-ਦੋਨੋਂ ਬਾਹਾਂ ਖੜੀਆਂ ਕਰਕੇ ਪਰਸਤਾਪ ਪਾਸ ਕਰ ਦਿਤਾ ਹੈ, ਪਰ...ਪਰ ਪੰਜ-ਚਾਰ ਕੁਰਸੀਆਂ ਬਾਹਾਂ ਖੜੀਆਂ ਕਰਨ ਦੀ ਥਾਂ ਆਪ ਖੜੀਆਂ ਹੋ ਗਈਆਂ ਹਨ।

ਵੱਡੀ ਕੁਰਸੀ ਦਾ ਨਜ਼ਲਾ ਫਰਸ਼ ਤੋਂ ਹਟ ਕੇ ਖੜੀਆਂ ਕੁਰਸੀਆਂ ਤੇ ਡਿਗਦਾ ਹੈ—ਇੰਝ ਸਾਹਮਣੇ ਹੋਣਾ ਹੁਕਮ-ਅਦੂਲੀ ਹੈ।

—ਨਹੀਂ.. ਮਾਈ-ਬਾਪ, ਸਾਡੀ ਰਾਏ...।

—ਰਾਏ-ਵਾਏ ਕੁਛ ਨਹੀਂ, ਪਰਸਤਾਪ ਪਾਸ ਹੋ ਚੁਕਾ ਹੈ।

—ਸਾਡੀ ਗੱਲ ਤਾਂ ਸੁਣ ਲਈ ਜਾਏ, ਖੜੀਆਂ ਕੁਰਸੀਆਂ ਇਕੱਠੀਆਂ ਬੋਲੀਆਂ ਹਨ।

—ਮੇਰੇ ਕੰਨ ਗੁਸਤਾਖ ਗੱਲਾਂ ਸੁਨਣ ਦੇ ਆਦੀ ਨਹੀਂ।

—ਇਹ,ਗੁਸਤਾਖ਼ੀ ਨਹੀਂ ਸੱਚਾਈ ਹੈ, ਡਿਕਟੇਟਰ ਸਾਹਬ...। "... ਫਰਸ਼ ਤੋਂ ਬਿਨਾਂ ਕੁਰਸੀਆਂ ਕਿੱਥੇ ਬੈਠਣਗੀਆਂ, ਕੰਧਾਂ ਕਿੱਥੇ ਖੜੀਆਂ ਹੋਣਗੀਆਂ..." ਖੜੀਆਂ ਕੁਰਸੀਆਂ ਨੇ ਤਲਖ਼ੀ ਭਰੇ ਜੋਸ਼ ਨਾਲ ਆਖਿਆ ਹੈ।

ਸ਼ਬਦ 'ਡਿਕਟੇਟਰ' ਸੁਣ ਕੇ ਵੱਡੀ ਕੁਰਸੀ ਨੂੰ ਜਿਵੇਂ ਅੱਗ ਈ ਲੱਗ ਗਈ ਹੋਵੇ। ਖੜੀਆਂ ਕੁਰਸੀਆਂ ਦੀ ਗੱਲ ਦਾ ਬਾਕੀ ਹਿੱਸਾ, ਵੱਡੀ ਕੁਰਸੀ ਦੇ ਕੰਨਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਉਸਦੇ ਮੂੰਹ 'ਚੋਂ ਉੱਗਲ ਹੁੰਦੀ ਅੱਗ ਵਿਚ ਭਸਮ ਹੋ ਗਿਆ ਹੈ।

—ਅੱਗ ਭਬੂਕਾ ਹੋਈ ਵੱਡੀ ਕੁਰਸੀ ਨੇ ਖੜੀਆਂ ਕੁਰਸੀਆਂ ਨੂੰ ਢਹਿ-ਢੇਰੀ ਕਰਨ ਦਾ ਹੁਕਮ ਚਾੜ੍ਹ ਦਿੱਤਾ ਹੈ।

ਪਿਛਲੀ ਅਤੇ ਸਾਹਮਣਲੀ ਕੰਧ ਨੇ ਲਾਠੀਆਂ ਮਾਰ-ਮਾਰ ਖੜੀਆਂ ਕੁਰਸੀਆਂ ਨੂੰ ਫਰਸ਼ ਤੇ ਵਿਛਾ ਦਿੱਤਾ ਹੈ।

—ਵੱਡੀ ਕੁਰਸੀ ਨੇ 'ਫ਼ਸਾਦ ਦੀ ਜੜ੍ਹ' ਫਰਸ਼ ਨੂੰ 'ਬੰਦੇ ਦਾ ਪੁੱਤ' ਬਣਾਉਣ ਦਾ ਹੁਕਮ ਦਿੱਤਾ ਹੈ।

ਪਿਛਲੀ ਅਤੇ ਸਾਹਮਣੇਲੀ ਕੰਧ ਨੇ ਲਾਠੀਆਂ ਦੀ ਥਾਂ ਅਥਰੂ-ਗੈਸ, ਪਸਤੌਲਾਂ, ਰਾਈਫਲਾਂ, ਕੰਬਾਈਨਾਂ, ਸਟੇਨ ਗੰਨਾਂ, ਬਰੇਨਗੰਨਾਂ ਦੀ ਵਰਤੋਂ ਕੀਤੀ ਹੈ।

ਜ਼ਖ਼ਮੀ ਹੋਏ ਫਰਸ਼ ਦੀਆਂ ਅੱਖਾਂ ਵਿਚਲੇ ਲਾਲ ਡੋਰੇ ਹੋਰ ਸੰਘਣੇ ਹੋ ਗਏ ਅਤੇ ਸਮਾਧੀ ਹੋਰ ਸਥਿਰ।

ਵੱਡੀ ਕੁਰਸੀ ਨੇ, ਫ਼ਰਸ਼ ਦੀਆਂ ਹਾਲੀਂ ਤੱਕ ਦੇਖੀ ਜਾਣ ਦੀ ਸਮਰੱਥਾ ਰੱਖਣ ਯੋਗ ਅੱਖਾਂ ਅੰਦਰ ਬਾਰੂਦ ਦਾ ਹੋਰ ਧੂੰਆਂ ਭਰਨ ਲਈ, ਤਿਆਰ-ਬਰ-ਤਿਆਰ ਖੜੀਆਂ ਦੂਜੀਆਂ ਕੰਧਾਂ ਨੂੰ ਵੀ ਇਸ਼ਾਰਾ ਕੀਤਾ ਹੈ।

ਅੱਧੇ ਛਿੰਨ ਅੰਦਰ ਦੋਨੋਂ ਕੰਧਾਂ ਨੇ 'ਫ਼ਾਇਰ-ਦੀ-ਪੁਜ਼ੀਸ਼ਨ' ਲਈ ਆਪਣਾ ਇਕ-ਇਕ ਗੋਡਾ ਟੇਕਿਆ ਹੀ ਹੈ ਕਿ...ਕਿ...ਕਿ ਉਹਨਾਂ ਆਸਰੇ ਖੜੀ ਛੱਤ ਵੀ ਖਿਸਕਣ ਲੱਗਦੀ ਹੈ, ਡੋਲ ਜਾਂਦੀ ਹੈ।

ਭੈ-ਭੀਤ ਹੋਈ ਵੱਡੀ ਕੁਰਸੀ, ਡਿਗਣ ਲੱਗੀ ਛੱਤ ਵਿਚੋਂ ਆਪਣਾ ਆਪ ਬਚਾਉਣ ਲਈ ਦਰਵਾਜ਼ੇ ਵਲ ਦੌੜਦੀ ਹੈ.. ਤੇ ਰਵਾਂ ਰਵੀਂ ਬਾਹਰ ਨਿਕਲ ਜਾਂਦੀ ਹੈ।

ਹਾਲ ਕਮਰੇ ਅੰਦਰ ਬੈਠੀਆਂ ਛੋਟੀਆਂ ਕੁਰਸੀਆਂ ਫ਼ਿਕਰਮੰਦ ਹੋ ਗਈਆਂ ਹਨ ਅਤੇ 'ਐਕਸ਼ਨ' ਰੋਕ ਕੇ ਆਪਣੀ ਆਪਣੀ ਥਾਂ ਸਿਰ ਜਾ ਖੜੀਆਂ ਕੰਧਾਂ—ਪਰੇਸ਼ਾਨ।

ਬਾਹਰ ਵਲ ਮੂੰਹ ਕੀਤੀ ਖੜਾ ਦਰਵਾਜ਼ਾ, ਅਡੋਲ ਖੜਾ ਹੈ।

ਹਵਾ ਦਾ ਇਕ ਠੰਡਾ-ਠਾਰ ਫ਼ੁਰਾਟਾ ਅੰਦਰ ਲੰਘ ਆਉਂਦਾ ਹੈ। ਅਤੇ.. ਅਤੇ ਲਹੂ-ਲੁਹਾਨ ਹੋਇਆ ਫ਼ਰਸ਼, ਜ਼ਖ਼ਮਾਂ 'ਚੋਂ ਰਿਸਦੀ ਪੀੜ ਨੂੰ ਭੁਲ ਕੇ ਵੀ, ਹੱਸਣ ਦਾ ਯਤਨ ਕਰਦਾ ਹੈ...ਹੱਸਣ ਵਿਚ ਸਫ਼ਲ ਹੁੰਦਾ ਹੈ...ਹੱਸਦਾ ਰਹਿੰਦਾ ਹੈ ..ਅਤੇ ਹੱਸਦਾ...ਹੀ... ਰਹਿੰਦਾ.. ਹੈ।.. ਪਰਦਾ। ○

---

ਨਾਟਕ

## ਮੇਰੀ ਧਰਤੀ ਮੇਰੇ ਲੋਕ

ਸਕਰਿਪਟ ਲੇਖਕ ਤੇ ਨਿਰਦੇਸ਼ਕ ਗੁਰਸ਼ਰਨ ਸਿੰਘ

ਨਵਤੇਜ ਸਿੰਘ ਦੀ ਪਹਿਲੀ ਬਰਸੀ ਤੇ ਉਹਦੀਆਂ ਕਹਾਣੀਆਂ ਤੇ ਆਧਾਰਤ
ਇਹ ਨਾਟਕ ਅਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ
12 ਅਗਸਤ—ਰਾਤ 8-30 ਵਜੇ
ਓਪਨ ਏਅਰ ਥੀਏਟਰ ਗਾਂਧੀ ਗਰਾਊਂਡ, ਅਮ੍ਰਿਤਸਰ
ਵਿਚ ਖੇਡਿਆ ਜਾ ਰਿਹਾ ਹੈ, ਸਾਰਿਆਂ ਨੂੰ ਖੁਲ੍ਹਾ ਸੱਦਾ ਹੈ।

ਸੰਪਰਕ ਪਤਾ
ਗੁਰੂ ਖਾਲਸਾ ਨਿਵਾਸ
ਨੇੜੇ ਖਾਲਸਾ ਕਾਲਜ, ਅਮ੍ਰਿਤਸਰ

ਗੁਰਸ਼ਰਨ ਸਿੰਘ
ਕਨਵੀਨਰ ਅਮ੍ਰਿਤਸਰ ਸਕੂਲ ਆਫ ਡਰਾਮਾ

# ਜੱਟ ਦਾ ਪੁੱਤ

ੴ

ਸਾਧੂ (ਕੈਨੇਡਾ ਤੋਂ)

ਗੁਰਮੀਤ ਨੇ ਕਾਰ ਸਿਨਮੇ ਤੋਂ ਦੋ ਬਲਾਕ ਪਿੱਛੇ ਹੀ ਖੜੀ ਕਰ ਦਿੱਤੀ। ਤਿੰਨ ਕੁ ਸਾਲਾਂ ਦੇ ਰੌਬੀ ਨੂੰ ਉੱਗਲ ਲਾ ਕੇ ਉਹ ਆਪਣੀ ਵਹੁਟੀ ਤੇ ਭੈਣ ਦੇ ਵਿਚਾਲੇ ਹੋ ਕੇ ਤੁਰਨ ਲੱਗਾ। ਗਰਮੀਆਂ ਦੀ ਸ਼ਾਮ ਅਸਮਾਨ ਛੋਂਹਦੀਆਂ ਇਮਾਰਤਾਂ ਵਾਲੇ ਇਸ ਸੀਮਿੰਟ ਦੇ ਜੰਗਲ ਵਿਚ ਵੀ ਸੁਖਾਵੀਂ ਲੱਗ ਰਹੀ ਸੀ। ਕੁਝ ਮੌਸਮ ਦਾ ਅਸਰ, ਕੁਝ ਪੰਜਾਬੀ ਸੂਟਾਂ ਸਲਵਾਰਾਂ ਦੀ ਚਮਕ, ਤੇ ਕੁਝ ਟੋਲੀਆਂ ਚੋਂ ਆ ਰਹੇ ਪੰਜਾਬੀ ਹਾਸੇ ਨਾਲ ਮਾਹੌਲ ਬਿਲਕੁਲ ਜਲੰਧਰ, ਲੁਧਿਆਣੇ ਦੇ ਸਿਨਮਿਆਂ ਵਰਗਾ ਲਗਦਾ ਸੀ। ਉਂਝ ਕਿਸੇ ਹੋਰ ਵਕਤ ਇਥੋਂ ਦੀ ਲੰਘੋ ਤਾਂ ਤੁਹਾਨੂੰ ਇਹ ਸੀਮਿੰਟ ਦੀ ਇਮਾਰਤ ਵੀ ਬਾਕੀ ਇਮਾਰਤਾਂ ਵਾਂਗ ਹੀ ਕੰਕਰੀਟ ਦਾ ਬੇਜਾਨ ਘੂਰਨਾ ਲੱਗੇਗੀ।

ਸਿਨਮੇ ਅੱਗੇ ਖੜੇ ਮੁੰਡਿਆਂ ਦੀਆਂ ਟੋਲੀਆਂ ਜ਼ਨਾਨੀਆਂ ਨੂੰ 'ਏਅਰ-ਪੋਰਟ' ਦੇ 'ਕਸਟਮ-ਅਫਸਰਾਂ' ਵਾਂਗ ਘੂਰ ਰਹੀਆਂ ਸਨ ਜਿਵੇਂ ਕੁਝ ਵੀ ਅਣਦੇਖਿਆ ਨਾ ਲੰਘਣ ਦੇਣਾ ਚਾਹੁੰਦੇ ਹੋਣ। ਗੁਰਮੀਤ ਨੇ ਉਹਨਾਂ ਦੀਆਂ ਨਜ਼ਰਾਂ ਆਪਣੀ ਭੈਣ ਤੇ ਵਹੁਟੀ ਵੱਲ ਘੁੰਮਦੀਆਂ ਦੇਖੀਆਂ। ਪੱਲ ਦੀ ਪੱਲ ਉਹ ਚਕਰਾ ਜਿਹਾ ਗਿਆ। ਸੋਲ੍ਹਾਂ ਸਾਲਾਂ ਦੀ ਨਰਿੰਦਰ ਜਿਹਨੂੰ ਉਹ ਅਜੇ ਵੀ ਗੁੱਡੀ ਹੀ ਸੱਦਦੇ ਸਨ, ਉਹਨੂੰ ਆਪੇ ਤੋਂ ਉਚੀ ਹੋ ਗਈ ਜਾਪੀ। ਉਹਨੂੰ ਨਰਿੰਦਰ ਦਾ ਰੰਗ ਵੀ ਬੜੀ ਅਜੀਬ ਜਿਹੀ ਤਰ੍ਹਾਂ ਵੱਖਰਾ ਵੱਖਰਾ ਚਮਕਦਾ ਲੱਗਾ। ਉਹਨੇ ਰੌਬੀ ਨੂੰ ਸੱਜਿਓਂ ਖੱਬੇ ਹੱਥ...ਕਰਦਿਆਂ ਨਰਿੰਦਰ ਹੋਰਾਂ ਨੂੰ ਕਾਹਲੀ ਕਾਹਲੀ ਚੱਲਣ ਲਈ ਕਿਹਾ।

ਹਾਲ ਅੰਦਰ ਵੜ੍ਹਨ ਵੇਲੇ ਕਿਸੇ ਨੇ ਉਹਨੂੰ ਇਕ ਅਖਬਾਰ ਫੜਾਉਂਦਿਆਂ ਕਿਹਾ, "ਕਿਦਾਂ ਕਾਮਰੇਡ ਕੀ ਹਾਲ ਚਾਲ ਆ।" ਕਹਿਣ ਵਾਲੇ ਦੇ ਚੇਹਰੇ ਵੱਲ ਦੇਖਦਿਆਂ ਫੇਰ ਸਿਰ ਨੂੰ ਹੌਲੀ ਜਿਹੀ ਥੱਲੇ ਨੂੰ ਮਾਰਦਿਆਂ, "ਠੀਕ ਐ" ਕਹਿ ਕੇ ਉਹ ਨਰਿੰਦਰ ਹੋਰਾਂ ਦੇ ਪਿੱਛੇ ਅੰਦਰ ਲੰਘ ਗਿਆ। ਹਾਲ ਅੱਧੇ ਤੋਂ ਉਪਰ ਭਰ ਚੁੱਕਾ ਸੀ। ਨਿਆਣੇ ਹਾਲ ਵਿਚ ਭੱਜੇ ਫਿਰਦੇ ਸਨ। ਪੋਲਾ ਪੋਲਾ ਰੌਲਾ ਪੈ ਰਿਹਾ ਸੀ। ਹਾਲ ਵਿਚ ਵੜਦਿਆਂ ਉਹਨੇ ਬੜਾ ਪੰਜਾਬੀ ਪੰਜਾਬੀ ਮਹਿਸੂਸ ਕੀਤਾ ਜਿਹਦੇ ਨਾਲ ਉਹਦੀ ਰੂਹ ਖਿੜ ਗਈ।

ਇਕ ਪਾਸੇ ਉਹਨਾਂ ਸੀਟਾਂ ਮੱਲ ਲਈਆਂ। ਫਿਲਮ ਸ਼ੁਰੂ ਹੋਣ ਵਿਚ ਅਜੇ ਵਕਤ ਬਾਕੀ ਸੀ। ਨਰਿੰਦਰ ਤੇ ਜੀਤੀ ਰੌਬੀ ਨੂੰ ਖਡਾਉਣ ਲੱਗ ਪਈਆਂ ਤੇ ਉਹ ਹੱਥ ਵਿਚ ਫੜਿਆ ਅਖਬਾਰ ਦੇਖਣ ਲੱਗ ਪਿਆ। ਉਹ ਬਾਹਰ ਖੜੇ ਮੁੰਡੇ ਦਾ ਚਿਹਰਾ ਪਛਾਨਣ ਦੀ ਕੋਸ਼ਿਸ਼ ਕਰਨ ਲੱਗਾ। ਜਿਹਨੇ ਉਹਨੂੰ ਕਾਮਰੇਡ ਕਿਹਾ ਸੀ। ਉਹਨੂੰ ਯਾਦ ਆਇਆ ਉਹਨੇ ਇਸ ਮੁੰਡੇ ਨੂੰ ਇਕ ਬਾਰੀ ਹਰਦੇਵ ਨਾਲ ਦੇਖਿਆ ਸੀ। ਹਰਦੇਵ ਦੀ ਯਾਦ ਨਾਲ ਉਹਨੂੰ ਹੋਰ ਕਈ ਕੁਝ ਯਾਦ ਆਉਣ ਲੱਗ ਪਿਆ। ਹੱਥ ਵਿਚ ਅਖਬਾਰ ਫੜੀ, ਜਿਹਦੇ 'ਤੇ ਸੁਰਖੀਆਂ ਹਨ —ਹਿੰਦੁਸਤਾਨ ਦੀ ਲੁੱਟੀ ਜਾ ਰਹੀ ਜੰਤਾ ਬਾਰੇ, ਉਹਨਾਂ ਦੀ ਭਲਾਈ ਬਾਰੇ, ਇਨਕਲਾਬ ਬਾਰੇ, ਉਹ ਬੀਤੇ 'ਚ ਗੁਆਚ ਗਿਆ। —ਕਾਲਜ ਦੀ ਪੜਾਈ ਸ਼ੁਰੂ ਕਰਨ ਤੋਂ ਥੋੜ੍ਹਾ ਬਾਅਦ ਹੀ ਉਹਦੀ ਹਰਦੇਵ ਨਾਲ ਦੋਸਤੀ ਹੋ ਗਈ ਸੀ। ਹਰਦੇਵ ਬੜਾ ਸੁਲਝਿਆ ਹੋਇਆ ਤੇ ਅਗਾਂਹਵਧੂ ਸੀ। ਉਹਨੂੰ ਕਿੰਨਾ ਮਾਣ ਤੇ ਖੁਸ਼ੀ ਹੋਈ ਸੀ ਜਦੋਂ ਹਰਦੇਵ ਉਹਦੇ ਨਾਲ ਮਿਲ ਕੇ ਕਮਰਾ ਲੈਣਾ ਮੰਨ ਗਿਆ ਸੀ। ਤੇ ਉਸ ਸੱਤਾਂ ਅੱਠਾਂ ਮਹੀਨਿਆਂ ਦੇ ਸਮੇਂ ਵਿਚ ਕਿੰਨਾ ਕੁਝ ਸਿਖਿਆ ਸੀ ਉਹਨੇ ਹਰਦੇਵ ਤੋਂ। ਜਦ ਉਹਨਾਂ ਦੇ ਕਾਲਜ ਵਿਚ ਇਕ ਬਾਰ ਸਟਰਾਈਕ ਹੋਈ ਤਾਂ ਹਰਦੇਵ ਸਭ ਤੋਂ ਅੱਗੇ ਸੀ। ਉਹਨੇ ਵੀ ਹਰਦੇਵ ਦੇ ਅਸਰ ਹੇਠ ਸਟਰਾਈਕ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਸੀ।

—ਫੇਰ ਉਹਨਾਂ ਇਕੱਠਿਆਂ ਨੂੰ ਹੀ ਉਹ ਕਾਲਜ ਛਡਣਾ ਪਿਆ ਅਤੇ ਉਹਨਾਂ ਦੂਜੇ ਸ਼ਹਿਰ ਫਿਰ ਇਕੱਠਿਆਂ ਰਹਿਣਾ ਸ਼ੁਰੂ ਕਰ ਦਿਤਾ। ਉਸ ਕਾਲਜ ਦੇ ਹੋਸਟਲ ਵਿਚ ਉਹਨਾਂ ਕਿੰਨਾ ਹੀ ਇੰਨਕਲਾਬੀ ਸਾਹਿਤ ਪੜ੍ਹਿਆ ਅਤੇ ਵਿਚਾਰਿਆ। ਉਹ ਇਕੱਠੇ ਇਸ ਸਿੱਟੇ ਤੇ ਪੁੱਜੇ ਸਨ ਕਿ ਜੋ ਕੁਝ ਵੀ ਉਹਨਾਂ ਦੁਆਲੇ ਸਮਾਜ ਵਿਚ ਵਾਪਰ ਰਿਹਾ ਸੀ ਗਲਤ ਸੀ। ਸਭ ਕਾਸੇ ਨੂੰ ਬਦਲਣ ਦੀ ਲੋੜ ਸੀ। ਤੇ ਉਸ ਬਦਲੀ ਲਈ ਇੰਨਕਲਾਬ ਤੇ ਇੰਨਕਲਾਬ ਲਈ ਕੁਰਬਾਨੀ ਦੀ ਲੋੜ ਸੀ। ਹਰਦੇਵ ਨੇ ਫੈਸਲਾ ਕਰ ਲਿਆ ਸੀ ਤੇ ਉਸ ਫੈਸਲੇ ਤੇ ਚਲਣ ਲਈ ਉਹ ਸਾਰੀ ਸ਼ਕਤੀ ਲਾ ਰਿਹਾ ਸੀ। ਪਰ ਉਹ ਖੁਦ ਕੋਈ ਫੈਸਲਾ ਨਾ ਕਰ ਸਕਿਆ। ਜਦ ਉਹ ਇੰਨਕਲਾਬੀ ਸਾਹਿਤ ਪੜ੍ਹ ਰਿਹਾ ਹੁੰਦਾ, ਜਾਂ ਸਾਥੀਆਂ ਨਾਲ ਵਿਚਾਰ ਕਰ ਰਿਹਾ ਹੁੰਦਾ ਜਾਂ ਸਮਾਜ ਵਿਚ ਲੋਕਾਂ ਨਾਲ ਧੱਕਾ ਹੁੰਦਾ ਦੇਖਦਾ ਤਾਂ ਉਹਨੂੰ ਲਗਦਾ ਕਿ ਜ਼ਿੰਦਗੀ ਵਿਚ ਜੇ ਬੰਦਾ ਆਪਣੇ ਲੋਕਾਂ ਦੀ ਭਲਾਈ ਲਈ ਜਾਨ ਤਕ ਦੀ ਬਾਜ਼ੀ ਨਾ ਲਾ ਦੇਵੇ ਤਾਂ ਉਂਝ ਹੀ ਜੀਊਣ ਦਾ ਕੋਈ ਫਾਇਦਾ ਨਹੀਂ।

—ਪਰ ਜਦ ਕਦੀ ਉਹ ਆਪਣੇ ਘਰ ਜਾਂਦਾ ਜਾਂ

ਘਰ ਦੀ ਹਾਲਤ ਬਾਰੇ ਸੋਚਦਾ ਤਾਂ ਉਹਦਾ ਇਰਾਦਾ ਡਾਵਾਂਡੋਲ ਹੋ ਜਾਂਦਾ। ਉਹਦੇ ਮਾਂ-ਪਿਓ ਆਪਣੇ ਹੱਥ ਪੈਰ ਵੇਚ ਕੇ ਉਹਦੀ ਪੜ੍ਹਾਈ ਦਾ ਖਰਚ ਤੋਰ ਰਹੇ ਸਨ। ਉਹਨਾਂ ਦੀਆਂ ਸਾਰੀਆਂ ਆਸਾਂ-ਉਮੀਦਾਂ ਉਹਦੇ 'ਤੇ ਹੀ ਸਨ। ਹੁਣ ਗਹਿਣੇ ਪੈ ਰਹੀ ਜ਼ਮੀਨ ਨੂੰ ਇਕ ਦਿਨ ਕਮਾਈ ਕਰਕੇ ਉਹਨੇ ਹੀ ਛੁਡਵਾਉਣਾ ਸੀ। ਇਸੇ ਆਸ ਤੇ ਉਹਦੇ ਬੁੱਢੇ ਹੋ ਰਹੇ ਪਿਉ ਦੇ ਗਹਿਣੇ ਦਿਆਂ ਕਾਗਜ਼ਾਂ ਤੇ ਅੰਗੂਠਾ ਲਾਉਂਦੇ ਦੇ ਕਦੀ ਹੱਥ ਨਹੀਂ ਸਨ ਕੰਬੇ।

—ਘਰਦਿਆਂ ਦੀ ਗਰੀਬੀ ਤੇ ਉਹਦੇ ਤੇ ਆਸਾਂ ਨਾਲੋਂ ਵੀ ਇਕ ਵੱਡਾ ਕਾਰਨ ਹੋਰ ਸੀ ਜਿਹਨੂੰ ਉਹ ਆਪਣੇ ਅੰਦਰ ਹੀ ਦੱਬ ਕੇ ਰੱਖਦਾ। ਇਹ ਸੀ ਉਹਦਾ ਖੁਦ ਡਰੂ ਹੋਣਾ। ਉਹ ਜਦੋਂ ਪੁਲਸ ਤਸ਼ੱਦਦ ਦੀਆਂ ਕਹਾਣੀਆਂ ਸੁਣਦਾ ਤਾਂ ਉਹਦੇ ਅੰਦਰੋਂ ਉਹਨੂੰ ਕੁਝ ਕੁਝ ਟੁੱਟਦਾ, ਮਰੋੜਿਆਂ ਜਾਂਦਾ ਮਹਿਸੂਸ ਹੁੰਦਾ। ਇਨਕਲਾਬ ਦੀ ਜ਼ਰੂਰਤ ਤੇ ਉਸ ਲਈ ਕੁਰਬਾਨੀ ਦੀ ਲੋੜ, ਇਹ ਦੋਵੇਂ ਗੱਲਾਂ ਉਹਨੂੰ ਆਪਣੀ ਹੋਂਦ ਨਾਲੋਂ ਵੀ ਵੱਧ ਸੱਚ ਜਾਪਦੀਆਂ ਸਨ। ਪਰ ਉਹ ਫੇਰ ਵੀ ਆਪਣੇ ਅੰਦਰਲੇ ਡਰ ਕਰਕੇ ਕੋਈ ਫੈਸਲਾ ਨਾ ਕਰ ਸਕਿਆ।

ਉਹ ਆਪਣੀਆਂ ਸੋਚਾਂ ਵਿਚ ਗੁੰਮ ਬੈਠਾ ਸੀ ਜਦੋਂ ਰੰਬੀ ਨੇ ਪੋਲੇ ਜਿਹੇ ਉਹਦੇ ਹੱਥ 'ਤੇ ਹੱਥ ਮਾਰਿਆ ਤੇ ਨਾਲ ਹੀ ਖੁਸ਼ੀ 'ਚ 'ਡੈਡੀ' ਕਿਹਾ। ਉਹ ਤ੍ਰਬਕ ਜਿਹਾ ਗਿਆ। ਉਹਦੀ ਸੋਚਾਂ ਦੀ ਲੜੀ ਟੁੱਟ ਗਈ। ਉਹਨੇ ਹਾਲ ਵਿਚ ਨਿਗਾਹ ਘੁੰਮਾਈ। ਲੋਕ ਅਜੇ ਵੀ ਅੰਦਰ ਆ ਰਹੇ ਹਨ। ਵਕਤ ਹੋ ਚੁਕਾ ਸੀ ਪਰ ਅਜੇ ਫਿਲਮ ਨਹੀਂ ਸੀ ਸ਼ੁਰੂ ਹੋਈ। ਉਹਨਾਂ ਦੀਆਂ ਸੀਟਾਂ ਦੇ ਬਰਾਬਰ ਕਰਕੇ ਅਗਲੀ ਪਾਲ ਵਿਚ ਦੋ ਕੁ ਮੁੰਡੇ ਬੈਠੇ ਸੀਟਾਂ ਤੋਂ ਪਰ੍ਹੇ ਲਾਂਘੇ ਵਿਚ ਖੜੇ ਇਕ ਹੋਰ ਮੁੰਡੇ ਨਾਲ ਗੱਲਾਂ ਕਰ ਰਹੇ ਸਨ। ਲਾਂਘੇ ਵਿਚ ਖੜਾ ਮੁੰਡਾ ਸਿੱਧਾ ਨਰਿੰਦਰ ਵੱਲ ਦੇਖ ਰਿਹਾ ਸੀ। ਇਹ ਦੇਖਕੇ ਗੁਰਮੀਤ ਨੂੰ ਗੁੱਸਾ ਆਇਆ। ਉਹਨੇ ਆਪਣੀ ਵਹੁਟੀ ਤੇ ਨਰਿੰਦਰ ਵੱਲ ਦੇਖਿਆ। ਨਰਿੰਦਰ ਸ਼ਰਮਸਾਰ ਹੋਈ ਨੀਵੀਂ ਪਾਈ ਬੈਠੀ ਸੀ। ਪਰ੍ਹੇ ਖੜੇ ਮੁੰਡੇ ਨੇ ਨਰਿੰਦਰ ਵਲ ਦੇਖ ਕੇ ਦੂਜਿਆਂ ਮੁੰਡਿਆਂ ਨੂੰ ਕਿਹਾ, "ਬੱਲੇ ਨੂੰ ਈ ਦੇਖੀ ਜਾਨੈ, ਗੁਆਚ ਗਿਆ ਤੇਰਾ ਕੁਛ।" ਤੇ ਬੈਠੇ ਮੁੰਡਿਆਂ ਵਿਚੋਂ ਇਕ ਨੇ ਜਵਾਬ ਦਿਤਾ, "ਗੁਆਚਾ ਵੀ ਹੋਵੇ, ਤੈਨੂੰ ਕੌਣ ਪੁੱਛਦਾ ਆ ਵੱਡੇ ਆਸ਼ਕ ਨੂੰ।" ਗੁਰਮੀਤ ਦਾ ਦਿਲ ਕੀਤਾ ਕਿ ਉਹਨਾਂ ਨੂੰ ਦਬਕ ਦੇਵੇ ਪਰ ਫੇਰ ਕੁਝ ਸੋਚ ਕੇ ਚੁੱਪ ਰਿਹਾ। ਇੰਨੇ ਨੂੰ ਫਿਲਮ ਸ਼ੁਰੂ ਹੋ ਗਈ।

ਹਾਲ 'ਚ ਹਨੇਰਾ ਸੀ। ਫਿਲਮ ਚੱਲ ਰਹੀ ਸੀ। ਗੁਰਮੀਤ ਦੀ ਫਿਲਮ ਵਿਚ ਕੋਈ ਦਿਲਚਸਪੀ ਨਾ ਬਣੀ। ਕੁਝ ਦੇਰ ਤਾਂ ਉਹ ਮੁੰਡਿਆਂ ਦੀਆਂ ਹਰਕਤਾਂ ਤੋਂ ਖਿੱਝਦਾ ਗੁੱਸਾ ਉਗਲਦਾ ਰਿਹਾ ਫੇਰ ਹੌਲੀ ਹੌਲੀ ਪਹਿਲਾਂ ਵਾਲੀਆਂ ਯਾਦਾਂ ਵਿਚ ਗੁਆਚ ਗਿਆ—ਕਾਲਜ ਦਾ ਉਹ ਸਮਾਂ ਉਹਦੀ ਦੋਚਿਤੀ ਦਾ ਸਮਾਂ ਸੀ। ਨਿੱਤ ਵੱਧਦੀ ਇਨਕਲਾਬੀ ਚੇਤਨਾ ਦੇ ਨਾਲ ਉਹ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕਰਨਾ ਚਾਹੁੰਦਾ ਸੀ। ਘਰਦਿਆਂ ਦੀ ਹਾਲਤ ਤੇ ਉਹਦੇ ਆਪਣੇ ਅੰਦਰ ਦਾ ਡਰ ਉਹਨੂੰ ਅਜਿਹਾ ਕਰਨ ਤੋਂ ਰੋਕਦੇ ਸਨ। ਦੇਸ਼ ਦੇ ਸਿਆਸੀ ਮਾਹੌਲ ਵਿਚ ਬੇਚੈਨੀ ਨਿੱਤ ਵੱਧ ਰਹੀ ਸੀ। ਕਾਲਜ ਦੀ ਹਵਾ ਵਿਚ ਇਨਕਲਾਬੀ ਤੱਤ ਤੇਜ਼ ਹੋ ਰਿਹਾ ਸੀ। ਕਾਲਿਜ ਵਾਲਿਆਂ ਦਾ ਵੀ ਧਿਆਨ ਹਰਦੇਵ ਤੇ ਉਹਦੇ ਸਾਥੀਆਂ ਦੀਆਂ ਵਧਦੀਆਂ ਕਾਰਵਾਈਆਂ ਵੱਲ ਖਿਚਿਆ ਜਾਣ ਲੱਗਾ। ਕਿਸੇ ਛੋਟੀ ਜਿਹੀ ਗੱਲ ਪਿਛੇ ਕਾਲਿਜ ਦੇ ਪ੍ਰਿੰਸੀਪਲ ਨੇ ਉਹਨਾਂ ਦੇ ਇਕ ਸਾਥੀ ਨੂੰ ਕਾਲਿਜ ਵਿਚੋਂ ਕੱਢ ਦਿੱਤਾ। ਰੋਸ ਵਜੋਂ ਕਾਲਿਜ ਵਿਚ ਸਟਰਾਈਕ ਹੋ ਗਈ। ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਮਨਾਉਣ ਲਈ ਅਤੇ ਲੋਕਾਂ ਦੀ ਹਮਦਰਦੀ ਜਿੱਤਣ ਲਈ ਕਾਲਜ ਤੋਂ ਸ਼ਹਿਰ ਵੱਲ ਇਕ ਜਲੂਸ ਕੱਢਣ ਦੀ ਸਕੀਮ ਬਣਾਈ। ਜਲੂਸ ਅਜੇ ਸ਼ੁਰੂ ਹੀ ਹੋ ਰਿਹਾ ਸੀ ਕਿ ਕਾਲਿਜ ਵਾਲਿਆਂ ਦੀ ਸ਼ਹਿ ਉਪਰ ਪੁਲੀਸ ਨੇ ਅੱਥਰੂ ਗੈਸ ਅਤੇ ਲਾਠੀਆਂ ਨਾਲ ਵਿਦਿਆਰਥੀਆਂ ਨੂੰ ਆ ਘੇਰਿਆ। ਵਿਦਿਆਰਥੀਆਂ ਕੁਝ ਦੇਰ ਪੁਲੀਸ ਦਾ ਮੁਕਾਬਲਾ ਕੀਤਾ ਫੇਰ ਜਿਧਰ ਨੂੰ ਕਿਸੇ ਦਾ ਸੂਤ ਲੱਗਾ ਭੱਜ ਉਠਿਆ।

—ਗੁਰਮੀਤ ਵੀ ਉਸੇ ਰਾਤ ਪਿੰਡ ਚਲੇ ਗਿਆ ਸੀ। ਕਾਲਿਜ ਅਤੇ ਇਲਾਕੇ ਦੀ ਪੁਲੀਸ ਇਸ ਵੱਧਦੇ ਇਨਕਲਾਬੀ ਤੱਤ ਨੂੰ ਥਾਂ ਈ ਦਬੋਣਾ ਚਾਹੁੰਦੇ ਸਨ। ਹੋਰਨਾਂ ਕਾਲਜਾਂ ਵਿਚ ਹੁੰਦੀਆਂ ਵਾਰਦਾਤਾਂ ਤੋਂ ਉਹ ਕਾਫੀ ਭੈਭੀਤ ਸਨ। ਉਹਨਾਂ ਨੇ ਸਾਰੇ ਮੋਹਰੀ ਮੁੰਡਿਆਂ ਨੂੰ ਫੜਨਾ ਸ਼ੁਰੂ ਕਰ ਦਿਤਾ। ਹਰਦੇਵ ਤੇ ਉਸਦੇ ਕਈ ਹੋਰ ਸਾਥੀ ਫੜੇ ਗਏ ਸਨ। ਉਹਦੇ ਮਗਰ ਵੀ ਪੁਲੀਸ ਇਕ ਦਿਨ ਉਹਦੇ ਪਿੰਡ ਆਈ ਸੀ ਪਰ ਉਹ ਲੁਕ ਛਿਪ ਕੇ ਬਚ ਗਿਆ। ਪੁਲੀਸ ਫੜੇ ਗਏ ਆਗੂ ਮੁੰਡਿਆਂ ਨੂੰ 'ਚੰਗਾ ਸਬਕ' ਸਿਖਾਉਣਾ ਚਾਹੁੰਦੀ ਸੀ ਤਾਂ ਕਿ ਬਾਕੀਆਂ ਲਈ ਉਦਾਹਰਣ ਪੈਦਾ ਕਰ ਸਕਣ। ਹੌਲੀ ਹੌਲੀ ਗੱਲ ਮੱਠੀ ਪੈ ਗਈ ਅਤੇ ਉਹ ਪੁਲੀਸ ਦੇ ਹੱਥ ਆਉਣੋਂ ਬੱਚ ਗਿਆ। ਇਸ ਘਟਨਾ ਦਾ ਖੁੱਦ ਗੁਰਮੀਤ ਉਪਰ ਤੇ ਉਹਦੇ ਘਰਦਿਆਂ ਉਪਰ ਬੜਾ ਮਾਰੂ ਅਸਰ ਹੋਇਆ। ਗੁਰਮੀਤ ਹੀ ਉਹਨਾਂ ਦੀ ਇਕੋ ਇਕ ਆਸ ਸੀ। ਉਸਤੋਂ ਛੋਟੀਆਂ ਉਸਦੀਆਂ ਤਿੰਨ ਭੈਣਾਂ ਸਨ। ਪਹਿਲਾਂ ਹੀ ਮਸੀਂ ਰੋਟੀ ਜੋਗੀ ਜ਼ਮੀਨ ਵਿਚੋਂ ਕੁਝ ਹਿੱਸਾ ਗੁਰਮੀਤ ਦੀ ਪੜਾਈ ਤੇ ਖਰਚ ਹੋ ਚੁੱਕਾ ਸੀ।

ਪਿੰਡ ਰਹਿਣ ਕਰਕੇ ਤੇ ਮਾਂ-ਪਿਓ ਦੀ ਹਾਲਤ

ਅੱਖਾਂ ਸਾਹਮਣੇ ਹੋਣ ਕਰਕੇ ਗੁਰਮੀਤ ਦੇ ਮੰਨ ਵਿਚ ਢਾਹੂ ਵਿਚਾਰ ਭਾਰੂ ਰਹਿੰਦੇ ਉਸ ਨੂੰ ਲੱਗਦਾ ਸੀ ਜਿਵੇਂ ਹੁਣ ਆਖਰੀ ਘੜੀ ਆ ਗਈ ਹੋਵੇ ਅਤੇ ਹੁਣ ਉਹਨੂੰ ਕੋਈ ਨਾ ਕੋਈ ਫੈਸਲਾ ਕਰਨਾ ਹੀ ਪੈਣਾ ਸੀ। ਇਹਨਾਂ ਹੀ ਦਿਨਾਂ ਵਿਚ ਇਕ ਹੋਰ ਗੱਲ ਵਾਪਰੀ, ਉਹਨਾਂ ਦਾ ਕੋਈ ਰਿਸ਼ਤੇਦਾਰ ਮਿਲਣ ਆਇਆ ਉਹਦੇ ਪਿਉ ਨੂੰ 'ਬਚਾਅ' ਦੀ ਇਕ ਸਕੀਮ ਦਸ ਗਿਆ। ਉਹਦੇ ਘਰਦਿਆਂ ਨੂੰ ਤਾਂ ਜਿਵੇਂ ਕੋਈ ਦੱਬਿਆ ਖਜ਼ਾਨਾ ਮਿਲ ਗਿਆ ਹੋਵੇ। ਉਹਦੇ ਪਿਉ ਨੇ ਉਹਨੂੰ ਪੁੱਛੇ ਬਿਨਾਂ ਹੀ ਆਪਣੇ ਰਿਸ਼ਤੇਦਾਰ ਨੂੰ ਹਾਂ ਕਰ ਦਿਤੀ। ਗੁਰਮੀਤ ਨੂੰ ਉਹਦੇ ਪਿਉ ਨੇ ਬਾਅਦ ਵਿਚ ਆਪਣੇ ਫੈਸਲੇ ਬਾਰੇ ਇੰਝ ਦਸਿਆ ਜਿਵੇਂ ਗੁਰਮੀਤ ਦਾ ਉਸ ਗੱਲ ਨਾਲ ਕੋਈ ਵਾਸਤਾ ਹੀ ਨਾ ਹੋਵੇ। ਉਹਨਾਂ ਦੀ ਰਿਸ਼ਤੇਦਾਰੀ 'ਚੋਂ ਕਿਸੇ ਦੀ ਕੁੜੀ ਕੈਨੇਡਾ ਵਿਚ ਸੀ ਉਹਦਾ ਰਿਸ਼ਤਾ ਗੁਰਮੀਤ ਨੂੰ ਹੁੰਦਾ ਸੀ। ਗੁਰਮੀਤ ਨੂੰ ਕੁਝ ਹੀ ਦਿਨਾਂ ਵਿਚ ਵਿਜ਼ਿਟਰ ਦੇ ਤੌਰ ਤੇ ਕੈਨੇਡਾ ਭੇਜਿਆ ਜਾ ਸਕਦਾ ਸੀ। ਪਾਸਪੋਰਟ ਬਨਾਉਣ ਲਈ ਉਹਨਾਂ ਦੇ ਰਿਸ਼ਤੇਦਾਰ ਨੇ ਕਿਸੇ ਵਜ਼ੀਰ ਦਾ ਹਵਾਲਾ ਦਿਤਾ ਸੀ।

ਇਸ ਘਟਨਾ ਨੇ ਗੁਰਮੀਤ ਦੀ ਦੋਚਿਤੀ ਨੂੰ ਹੋਰ ਵੀ ਗੰਭੀਰ ਬਣਾ ਦਿਤਾ। ਇਕ ਪਾਸੇ ਉਹਨੂੰ ਸਾਫ ਦਿਸਦਾ ਸੀ ਕਿ ਸਿਵਾਏ ਜੇਲ੍ਹਾਂ 'ਚ ਹੱਢ ਰਗੜਣ ਤੇ ਪੁਲੀਸ ਦੇ ਧੱਕੇ ਜਾਂ ਸ਼ਾਇਦ ਗੋਲੀ ਖਾਣ ਤੋਂ ਬਿਨਾਂ ਕੋਈ ਰਾਹ ਨਹੀਂ। ਪਰ ਇਸ ਰਾਹ ਨੂੰ ਉਹ ਬਹੁਤ ਉਤਮ ਰਾਹ ਸਮਝਦਾ ਸੀ ਜਿਹੜਾ ਕਦੀ ਗੁਰੂ ਗੋਬਿੰਦ ਸਿੰਘ ਨੇ ਅਪਣਾਇਆ ਸੀ ਤੇ ਹੋਰ ਹਜ਼ਾਰਾਂ ਹੀ ਦੇਸ਼ ਭਗਤਾਂ ਤੇ ਆਜ਼ਾਦੀ ਪ੍ਰੇਮੀਆਂ ਨੇ, ਜਿਹਨਾਂ ਦੇ ਦਿਲਾਂ 'ਚ ਕੌਮ ਲਈ ਪਿਆਰ ਸੀ : ਉਹਨਾਂ ਨੇ ਵੀ ਆਪਣੇ ਪਰਵਾਰ, ਰਿਸ਼ਤੇਦਾਰ ਤੇ ਸੱਭ ਕੁਝ ਲੋਕਾਂ ਤੋਂ ਕੁਰਬਾਨ ਕਰ ਦਿਤੇ ਸਨ। ਪਰ ਦੂਜੇ ਪਾਸੇ ਹੁਣ ਕੈਨੇਡਾ ਆ ਖੜਿਆ ਸੀ ਜਿਥੇ ਜਾ ਕੇ ਉਹ ਆਪਣੇ ਘਰ ਦੀ ਪੁਸ਼ਤਾਂ ਤੋਂ ਤੁਰੀ ਆਉਂਦੀ ਗਰੀਬੀ ਕੱਟ ਸਕਦਾ ਸੀ। ਇਸੇ ਦੁਚਿਤੀ ਵਿਚ ਉਹਨੇ ਕਈ ਦਿਨ ਆਪਣੇ ਪਿਓ ਨੂੰ ਕੋਈ ਜਵਾਬ ਨਹੀਂ ਸੀ ਦਿੱਤਾ। ਪਰ ਅਖੀਰ ਘਰਦਿਆਂ ਦੀ ਗਰੀਬੀ ਕਰਕੇ ਜਾਂ ਖੁਦ 'ਚ ਕੁਰਬਾਨੀ ਨਾਂ ਕਰ ਸਕਣ ਦੀ ਹਿੰਮਤ ਕਰਕੇ ਉਹਨੇ ਆਪਣੇ ਪਿਓ ਦਾ ਫੈਸਲਾ ਮੰਨ ਲਿਆ। ਇਹਨਾਂ ਹੀ ਦਿਨਾਂ ਦੌਰਾਨ ਹਰਦੇਵ ਤੇ ਉਹਦਾ ਇਕ ਹੋਰ ਸਾਥੀ ਉਹਦੇ ਪਿੰਡ ਆਏ ਸਨ। ਹੁਣ ਗੁਰਮੀਤ ਨੂੰ ਯਾਦ ਆਇਆ ਕਿ ਸਿਨਮਾ ਹਾਲ ਦੇ ਬਾਹਰ ਅਖਬਾਰ ਵੰਡਣ ਵਾਲਾ ਤੇ ਉਹਨੂੰ ਕਾਮਰੇਡ ਕਹਿਣ ਵਾਲਾ ਉਹੀ ਮੁੰਡਾ ਸੀ ਜਿਹੜਾ ਉਸ ਰਾਤ ਹਰਦੇਵ ਨਾਲ ਉਹਦੇ ਘਰ ਆਇਆ ਸੀ। ਗੁਰਮੀਤ ਦੇ ਦਿਲ ਵਿਚ ਆਇਆ ਕਿ ਬਾਹਰ ਜਾ ਕੇ ਉਸ ਮੁੰਡੇ ਨੂੰ ਮਿਲੇ ਤੇ ਹਰਦੇਵ ਦਾ ਹਾਲ ਚਾਲ ਪੁੱਛੇ।ਪਰ ਉਹਨੇ ਇਸ ਖਿਆਲ ਨੂੰ ਉਸੇ ਪਲ ਰੱਦ ਕਰ ਦਿੱਤਾ। ਦਰ ਅਸਲ ਉਹ ਆਪਣੇ ਅਤੀਤ ਤੋਂ ਪਰਾਂ ਹੀ ਰਹਿਣਾ ਚਾਹੁੰਦਾ ਸੀ। ਜਦ ਵੀ ਕਦੀ ਪਿਛ-ਲੀਆਂ ਗੱਲਾਂ ਦੀ ਉਹਨੂੰ ਯਾਦ ਆਉਂਦੀ ਉਹਨੂੰ ਆਪਣੇ ਆਪ ਤੋਂ ਘਿਰਣਾ ਆਉਣੀ ਸ਼ੁਰੂ ਹੋ ਜਾਂਦੀ। ਉਹਦੇ ਅੰਦਰ ਇਹ ਖਿਆਲ ਬੈਠ ਚੁੱਕਾ ਸੀ ਕਿ ਉਹਨੇ ਕੈਨੇਡਾ ਆ ਕੇ ਲਹਿਰ ਨਾਲ ਗੱਦਾਰੀ ਕੀਤੀ ਹੈ। ਇਸੇ ਅੰਦਰੂਨੀ ਸ਼ਰਮ ਕਰਕੇ ਉਹਨੇ ਇਥੇ ਆਕੇ ਕਦੀ ਵੀ ਕਿਸੇ ਅਗਾਂਹਵਧੂ ਕੰਮ ਵਿਚ ਹਿਸਾ ਨਹੀਂ ਸੀ ਲਿਆ। ਜੇ ਕਦੀ ਕੋਈ ਉਹਦੇ ਤੱਕ ਪਹੁੰਚ ਵੀ ਕਰਦਾ ਤਾਂ ਉਹ ਟਾਲ-ਮਟੋਲ ਕਰ ਜਾਂਦਾ। ਉਸਦੇ ਅੰਦਰਲੇ ਘਟੀਆਪਨ ਦਾ ਇਕ ਕਾਰਨ ਇਹ ਵੀ ਸੀ ਕਿ ਜਦੋਂ ਹਰਦੇਵ ਤੇ ਤੇ ਉਹਦਾ ਸਾਥੀ ਉਹਨੂੰ ਆਖਰੀ ਬਾਰ ਉਹਨੂੰ ਪਿੰਡ ਮਿਲਣ ਆਏ ਸਨ ਤਾਂ ਗੱਲਾਂ ਗੱਲਾਂ ਵਿਚ ਉਹਦੇ ਕੁਰਬਾਨੀ ਕਰਨ ਤੋਂ ਡਰਦੇ ਹੋਣ ਦੀ ਅਸਲੀਅਤ ਸਾਹਮਣੇ ਆ ਗਈ ਸੀ। ਭਾਵੇਂ ਹਰਦੇਵ ਹੋਰੀ ਉਸਦੇ ਫੈਸਲੇ ਦਾ ਸਿੱਧਾ ਵਿਰੋਧ ਨਹੀਂ ਸੀ ਕੀਤਾ ਪਰ ਫੇਰ ਵੀ ਉਹਨਾਂ ਤਿੰਨਾਂ ਵਿਚਾਲੇ ਇਹ ਗੱਲ ਬਿਨ੍ਹਾਂ ਕਿਸੇ ਦੇ ਮੂੰਹੋਂ ਨਿਕਲਿਆਂ ਸਾਫ ਹੋ ਗਈ ਸੀ। ਉਹ ਇਸ ਗੱਲ ਦੇ ਇਸ ਤਰ੍ਹਾਂ ਜ਼ਾਹਰ ਹੋ ਜਾਣ 'ਤੇ ਅੰਦਰੋਂ ਬਹੁਤ ਸ਼ਰਮਸਾਰ ਸੀ। ਤੇ ਇਹ ਸ਼ਰਮ ਤੇ ਘਟੀਆਪਨ ਦਾ ਅਹਿਸਾਸ ਉਹ ਹੁਣ ਤੱਕ ਆਪਣੇ ਨਾਲ ਚੁੱਕੀ ਫਿਰਦਾ ਸੀ। ਜਦ ਵੀ ਕਦੀ ਕੋਈ ਪਿਛਲੀ ਯਾਦ ਕਿਸੇ ਤਰ੍ਹਾਂ ਆ ਜਾਂਦੀ ਤਾਂ ਉਹ ਅੰਦਰੋਂ ਇਕ ਗੁਨਾਹਗਾਰ ਵਾਂਗ ਮਹਿਸੂਸ ਕਰਦਾ।

ਹੁਣ ਜਦੋਂ ਉਹਨੂੰ ਉਸ ਮੁੰਡੇ ਦਾ ਚੇਤਾ ਆ ਚੁੱਕਾ ਸੀ ਜਿਹੜਾ ਹਾਲ ਦੇ ਬਾਹਰ ਅਖਬਾਰ ਵੰਡਦਾ ਸੀ ਤਾਂ ਉਹਦਾ ਘਟੀਆਪਨ ਦਾ ਅਹਿਸਾਸ ਹੋਰ ਵੀ ਤਿੱਖਾ ਹੋ ਗਿਆ। ਉਹਨੂੰ ਆਪਣੇ ਆਪ ਤੇ ਖਿੱਝ ਆਈ। ਉਹ ਹਾਲ ਚੋਂ ਉਠ ਕੇ ਬਾਹਰ ਵਰਾਂਡੇ ਵਿਚ ਚਲਾ ਗਿਆ। ਉਹਨੇ ਪੀਣ ਲਈ ਕੁਝ ਠੰਡਾ ਖਰੀਦਿਆ। ਪਰ ਅੰਦਰ ਦੀ ਤਲਖੀ ਨਾ ਗਈ। ਅੰਦਰ ਦਾ ਘਟੀਆ-ਪਨ ਤਾਂ ਜਿਵੇਂ ਕਿਸੇ ਬੀਮਾਰੀ ਵਾਂਗ ਚੰਬੜ ਗਿਆ ਸੀ। ਅੰਦਰ ਦੇ ਤੂਫਾਨ 'ਚ ਉਲਝਿਆ ਉਹ ਬਹੁਤ ਬੇਚੈਨ ਹਾਲਤ ਵਿਚ ਸੀ। ਉਹਦਾ ਦਿਲ ਕਰਦਾ ਸੀ ਕਿਤੇ ਦੌੜ ਜਾਵੇ ਜਾਂ ਕੁਝ ਤੋੜ ਫੋੜ੍ਹ ਸਿੱਟੇ ਤਾਂ ਕਿ ਉਹਦੇ ਅੰਦਰ ਦੀ ਅੱਗ ਕਿਸੇ ਤਰਾਂ ਬੁਝ ਸਕੇ।

ਉਹ ਇਸੇ ਹਾਲਤ ਵਿਚ ਖੜਾ ਸੀ ਕਿ ਇੰਟਰਵਲ ਹੋ ਗਿਆ। ਲੋਕ ਇਕ ਦਮ ਦੋਹਾਂ ਦਰਵਾਜ਼ਿਆਂ ਰਾਹੀਂ ਬਾਹਰ ਨੂੰ ਆਉਣੇ ਸ਼ੁਰੂ ਹੋ ਗਏ। ਵੱਧ ਗਈ ਭੀੜ ਤੇ ਸ਼ੋਰ ਨੇ ਉਹਦੀ ਖਿੱਝ ਸਗੋਂ ਹੋਰ ਵਧਾ ਦਿਤੀ। ਉਹਨੇ ਦੇਖਿਆ ਨਰਿੰਦਰ ਹੋਰੀਂ ਵੀ ਬਾਹਰ ਆ ਗਈਆਂ ਸਨ।

ਜੀਤੀ ਰੌਬੀ ਨੂੰ ਵਾਸ਼ਰੂਮ ਲੈ ਗਈਆਂ ਅਤੇ ਨਰਿੰਦਰ ਖਾਣ ਪੀਣ ਲਈ ਕੁਝ ਖ਼੍ਰੀਦਣ ਵਾਸਤੇ ਲਾਇਨ ਵਿਚ ਲੱਗ ਗਈ। ਉਹ ਮੁੰਡੇ ਜਿਹੜੇ ਫਿਲਮ ਸ਼ੁਰੂ ਹੋਣ ਵੇਲੇ ਨਰਿੰਦਰ ਨੂੰ ਛੇੜਦੇ ਸਨ ਹੁਣ ਫੇਰ ਉਹਦੇ ਦੁਆਲੇ ਗੇੜੇ ਕੱਢਣ ਲੱਗੇ। ਉਹਨਾਂ ਵਿਚੋਂ ਇਕ ਨੇ ਨਰਿੰਦਰ ਦੇ ਲਾਗੇ ਜਾ ਕੇ ਕੁਝ ਕਿਹਾ। ਗੁਰਮੀਤ ਇਹ ਦੇਖਕੇ ਗੁੱਸੇ ਵਿਚ ਆ ਗਿਆ। ਉਹਦੇ ਅੰਦਰ ਦੀ ਅੱਗ ਜਿਵੇਂ ਉਹਦੀਆਂ ਅੱਖਾਂ ਵਿਚ ਆ ਗਈ। ਉਹਨੇ ਲਲਕਾਰ ਮਾਰ ਕੇ ਉਸ ਮੁੰਡੇ ਨੂੰ ਜਾ ਫੜਿਆ ਤੇ ਉਹਨੂੰ ਥੱਲੇ ਸੁੱਟ ਕੇ ਕੁੱਟਣ ਲੱਗ ਪਿਆ। ਉਸ ਮੁੰਡੇ ਦੇ ਦੂਜੇ ਦੋਵੇਂ ਸਾਥੀ ਭੀੜ ਚੋਂ ਇਕ ਦਮ ਗਾਇਬ ਹੋ ਗਏ। ਥੱਲੇ ਪਏ ਮੁੰਡੇ ਨੂੰ ਗੁਰਮੀਤ ਪਾਗਲਾਂ ਵਾਂਗ ਮਾਰ ਰਿਹਾ ਸੀ। ਨਾਲ ਨਾਲ ਗਾਲ੍ਹਾਂ ਵੀ ਕੱਢੀ ਜਾ ਰਿਹਾ ਸੀ। ਆਸ ਪਾਸ ਖੜੇ ਲੋਕਾਂ ਨੇ ਬੜੀ ਮੁਸ਼ਕਲ ਨਾਲ ਖਿੱਚ ਕੇ ਉਹਨੂੰ ਮੁੰਡੇ ਨਾਲੋਂ ਵੱਖ ਕੀਤਾ। ਉਹਨੂੰ ਕਈਆਂ ਜਣਿਆਂ ਨੇ ਬਾਹਾਂ ਤੋਂ ਫੜਿਆ ਹੋਇਆ ਸੀ। ਪਰ ਉਹ ਫੇਰ ਵੀ ਛਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਉੱਚੀ ਉੱਚੀ ਰੌਲਾ ਪਾ ਰਿਹਾ ਸੀ, "ਮੈਨੂੰ ਛੱਡ ਦਿਓ ਮੈਂ ਸਾਲੇ ਦੇ ਡਕਰੇ ਕਰਕੇ ਹਟਣਾ-ਇਹਦੀ ਭੈਣ ਨੂੰ, ਇਹਦੀ ਜੁੱਰਤ ਕਿਵੇਂ ਪਈ ਸਾਲੇ ਦੀ"! "ਛੱਡੋ ਪਰੇ ਸਰਦਾਰ ਜੀ, ਇਹਨਾਂ ਬੇਸਮਝ ਛੋਕਰਿਆਂ ਨਾਲ ਲੜਨਾ ਕੋਈ ਅਕਲ-ਮੰਦੀ ਨਹੀਂ—ਐਂ ਵੀ ਕਿਤੇ ਸੌਹਰਿਆਂ ਦੇ ਥਾਂ ਕੁ ਥਾਂ ਲੱਗ ਗਈ ਤਾਂ ਮੁਫਤ ਦੇ ਜੇਲ 'ਚ ਧੱਕੇ ਖਾਂਦੇ ਫਿਰੋਗੇ," ਕੋਈ ਆਪਣੀ ਵਲੋਂ ਉਹਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਗੁਰਮੀਤ ਅਜੇ ਵੀ ਉਸ ਰੌਂਅ 'ਚ ਬੋਲ ਰਿਹਾ ਸੀ, "ਤੁਸੀਂ ਮੈਨੂੰ ਛੱਡੋ ਤਾਂ ਸਹੀ—ਜੇਉ ਜਾਣੋ ਕਿਹੜਾ ਕੰਜਰ ਡਰਦਾ ਆ—ਇਹਨੂੰ ਸਾਲੇ ਨੂੰ ਪਤਾ ਨਹੀਂ ਜੱਟਾਂ ਦੇ ਪੁੱਤ ਤਾਂ ਇਹੋ ਜਿਹੀਆਂ ਗੱਲਾਂ ਲਈ ਫਾਹੇ ਲਗਣੋਂ ਨਹੀਂ ਡਰਦੇ—ਤੁਸੀ ਜ਼ਰਾ ਮੈਨੂੰ ਛੱਡੋ—

o

---

ਪਾਠਕ ਲੇਖਕ ਫੋਰਮ

# ਇਕ ਵਿਗਿਆਨੀ-ਸੱਤ ਖਾਲਿਸਤਾਨੀ

ਉਪਰੋਕਤ ਲੇਖ ਬਾਬਤ ਨਿਰਮਲ ਸਿੰਘ (ਲਾਂਬੜਾ) ਹੋਰਾਂ ਜੋ ਵਧਾਈ ਭੇਜੀ ਹੈ—ਉਸਦੇ ਮੁੱਖ ਹੱਕਦਾਰ ਅਦਾਰਾ ਲੋਕ ਲਹਿਰ ਅਤੇ ਸੰਪਾਦਕ-ਸਮਤਾ ਸ. ਗੁਰਸ਼ਰਨ ਸਿੰਘ ਹੋਰੀਂ ਹਨ ਜਿਨਾਂ ਦੀ ਹੌਂਸਲਾ ਅਫਜ਼ਾਈ ਸਦਕਾ ਮੈਂ ਲਿਖਣਾ ਸ਼ੁਰੂ ਕੀਤਾ ਹੈ। ਸ. ਮੱਖਣ ਸਿੰਘ (ਬੰਬਈ) ਹੋਰਾਂ ਇਸੇ ਲੇਖ ਨੂੰ ਛਪਵਾ ਕੇ ਬੰਬਈ ਵਿਚਲੇ ਪੰਜਾਬੀਆਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਹੈ, ਅਸੀਂ ਉਨ੍ਹਾਂ ਦੇ ਵੀ ਬਹੁਤ ਬਹੁਤ ਧਨਵਾਦੀ ਹਾਂ। ਜਿਨਾਂ ਸਾਥੀਆਂ ਲੇਖ ਵਿਚਲੀਆਂ ਕੰਮਜ਼ੋਰੀਆਂ, ਗਲਤੀਆਂ ਅਤੇ ਅਣਗਹਿਲੀਆਂ ਪ੍ਰਤੀ ਧਿਆਨ ਦਵਾਇਆ ਹੈ, ਲੇਖਕ ਉਨ੍ਹਾਂ ਦਾ ਵੀ ਸ਼ੁਕਰਗੁਜ਼ਾਰ ਹੈ। ਕੁਝ ਇਕ ਨੁਕਤਿਆਂ ਤੇ ਜਿਥੇ ਲੇਖਕ ਦੀ ਸਮਝ, ਅਲੋਚਕਾਂ ਤੋਂ ਭਿੰਨ ਹੈ—ਉਹ ਹੇਠਲੀਆਂ ਸਤਰਾਂ ਰਾਹੀਂ ਦਸਣ ਦੀ ਇਜਾਜ਼ਤ ਚਾਹਾਂਗਾ :—

## ਅਲੋਚਕ-ਸੁਰਜੀਤ ਸਿੰਘ ਢੀਂਡਸਾ

(ੳ) ਸਾਥੀ ਢੀਂਡਸਾ ਜੀ, ਗਊ ਹੱਤਿਆ ਤੇ ਪਬੰਦੀ ਲਗੇ ਜਾਂ ਨਾਂ, ਇਸਦਾ ਫੈਸਲਾ ਮੈਂ ਕਰਨ ਵਾਲਾ ਕੌਣ ਹਾਂ! ਇਹ ਫੈਸਲਾ ਇਲਾਕਾ/ਪ੍ਰਾਂਤ ਦੇ ਸਮੁੱਚੇ ਵਸਨੀਕਾਂ ਦੀ ਸਲਾਹ ਮੁਤਾਬਕ ਹੋਣਾ ਚਾਹੀਦਾ ਹੈ। ਅਜ ਵੀ ਕਈ ਸੂਬਿਆਂ ਵਿਚ ਗਊ-ਹੱਤਿਆ ਵਰਜਿਤ ਹੈ ਜਦੋਂ ਕਿ ਦਖਣੀ ਭਾਰਤ ਦੇ ਬਹੁਤ ਸਾਰੇ ਸੂਬਿਆਂ ਵਿਚ ਬੀਫ (ਗਊ ਦੇ ਮੀਟ) ਤੇ ਕੋਈ ਪਬੰਦੀ ਨਹੀਂ। ਮੇਰਾ ਤਾਂ ਲਿਖਣ ਦਾ ਕੇਵਲ ਇਹੋ ਮਕਸਦ ਸੀ ਕਿ ਅਗਰ ਦਲ ਖਾਲਸੀਆਂ ਦਾ ਕੋਈ ਸਰਕਾਰ ਜਾਂ ਲੋਕਾਂ ਪ੍ਰਤੀ ਵਿਰੋਧ ਵੀ ਹੈ ਤਾਂ ਉਹ ਕਿਸੇ ਸਭਯ ਤਰੀਕੇ ਰਾਹੀਂ ਪ੍ਰਗਟ ਕਰਨ ਨਾ ਕੇ ਗਊਆਂ-ਵੱਛੀਆਂ ਦੇ ਸਿਰ ਵਢ, ਮੰਦਰਾਂ ਅਗੇ ਸੁੱਟ ਸੁੱਟ ਕੇ !! ਪੁਰਾਣੇ ਇਤਿਹਾਸ ਮੁਤਾਬਕ ਗੱਊ-ਹਤਿਆ ਹਿੰਦੂਆਂ-ਸਿੱਖਾਂ ਵਿਚੋਂ ਕਿਸੇ ਨੂੰ ਵੀ ਸ਼ੋਭਾ ਨਹੀਂ ਹੈ ਦਿੰਦੀ-ਖਾਸ ਤੌਰ ਤੇ ਜਦੋਂ ਉਸ ਰਾਹੀਂ ਮਜ਼੍ਹਬੀ ਫ਼ਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੋਵੇ !!

(ਅ) ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਕੇਂਦਰ ਵਲੋਂ ਵਿਤਕਰੇ ਹੋ ਰਹੇ ਹਨ। ਵੱਡੇ ਵੱਡੇ ਕਾਰਖਾਨਿਆਂ ਦੇ ਮਾਮਲੇ ਵਿਚ, ਰੇਲਾਂ, ਡੀਜ਼ਲ, ਬਿਜਲੀ ਵਗੈਰਾ ਦੇ ਅਨੇਕਾਂ ਮਸਲਿਆਂ ਵਿਚ, ਪੰਜਾਬ ਨਾਲ ਮਤ੍ਰੇਈ ਮਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਟੈਕਸ ਸਭ ਤੋਂ ਵਧ ਪੰਜਾਬੀ ਹੀ ਅਦਾ ਕਰ ਰਹੇ ਹਨ !! ਯਮਨਾ ਦੇ ਪਾਣੀ ਵਿਚੋਂ ਤਾਂ ਹਿੱਸਾ ਦਿਤਾ ਨਹੀਂ ਹੈ ਜਾਂ ਰਿਹਾ ਮਗਰ ਰਾਵੀ ਵਿਚੋਂ ਹਰਿਆਣੇ ਲਈ ਹਿੱਸੇ ਦੀ ਮੰਗ ਕੀਤੀ ਜਾ ਰਹੀ ਹੈ—ਜੋ ਸਰਾਸਰ ਧੱਕਾ ਹੈ ! ਕੌਮਾਂਤਰੀ ਜਾਂ ਕੌਮੀ ਪੱਧਰ ਦੀ ਬਿਹਤਰੀ ਬਾਬਤ ਸੋਚਣੀ ਦਾ ਇਹ ਮਤਲਬ ਨਹੀਂ ਕਿ ਆਪਣੇ ਘਰ ਨਾਲ ਹੋ ਰਹੇ ਅਨਿਆਂ ਵਲੋਂ ਅੱਖਾਂ ਮੀਟੀ ਰਖੀਏ। ਕੇਂਦ੍ਰ ਧੱਕਾ ਕਰਦਾ ਹੈ......ਸ਼ਰੇਆਮ ਧੱਕਾ ਕਰਦਾ ਹੈ—ਉਸ ਹਰ ਸੂਬੇ ਨਾਲ ਧੱਕਾ ਕਰ ਰਿਹਾ ਹੈ ਜਿਥੋਂ ਦੇ ਲੋਕ ਜਥੇਬੰਦ ਹੋਕੇ ਅਣਖ ਨਾਲ ਜੀਊਣ ਦੀ ਹਿੰਮਤ ਕਰਦੇ ਹਨ ਅਤੇ ਸੂਬਾ

ਚਾਹੇ ਬੰਗਾਲ ਹੋਵੇ ਜਾਂ ਕੇਰਲਾ, ਪੰਜਾਬ ਹੋਵੇ ਜਾਂ ਮਦਰਾਸ —ਜਿਸ ਨਾਲ ਵੀ "ਦਿੱਲੀ" ਧੱਕਾ ਕਰੇ, ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਉਸ ਦੇ ਹੱਕ ਵਿਚ ਖੜੀਏ। ਦਲਖਾਲਸੀਏ ਅਜਿਹੇ ਵਿਤਕਰੇ ਹੀ ਉਭਾਰ 2 ਲੋਕਾਂ ਵਿਚ ਜਗ੍ਹਾ ਬਣਾਉਂਦੇ ਹਨ।

(ੲ) ਦੋਸਤ, ਕੋਈ ਸ਼ੱਕ ਨਹੀਂ ਕਿ ਦਲ-ਖਾਲਸੀਆਂ ਨੇ ਚਾਲੀ-ਪੰਜਾਹ ਸੌ ਜਗ੍ਹਾ ਹੱਥ ਲਿਖਤਾਂ ਰਾਹੀਂ ਫ਼ਿਰਕਾਪ੍ਰਸਤੀ ਦਾ ਜ਼ਹਿਰ ਗਲੱਛਿਆ ਹੋਇਆ ਹੈ—ਮਗਰ ਵੀਰ ਜੱਗਬਾਣੀ + ਪੰਜਾਬ ਕੇਸਰੀ + ਹਿੰਦ ਸਮਾਚਾਰ ਅਖਬਾਰਾਂ ਦੇ ਮੁਕਾਬਲੇ ਇਹ ਕਿਸੇ ਗਿਣਤੀ ਵਿਚ ਹੀ ਨਹੀਂ ਆਉਂਦਾ। ਪੂਰੇ ਦਸ ਕਰੋੜ ਅਖਬਾਰ (10,000,0000) ਸਾਰੇ ਸਾਲ ਦੁਰਾਨ ਛਪਦੇ ਹਨ— ਲਾਲੇ ਹੋਰਾਂ ਦੇ—ਤਿੰਨ ਲੱਖ ਰੋਜ਼ਾਨਾ ਅਤੇ ਸ਼ਾਇਦ ਹੀ ਕੋਈ ਅਖਬਾਰ ਹੋਵੇ ਜਿਸ ਵਿਚ ਫ਼ਿਰਕਾਪ੍ਰਸਤੀ ਦੇ ਲਾਂਬੂ ਨਾ ਲਗਾਏ ਗਏ ਹੋਣ !! ਬਾਕੀ ਜਿਹੜੇ ਨਾਹਰੇ ਦਲ ਖਾਲਸਾ ਦੇ ਨਾਉਂ ਹੇਠ, ਪਟਿਆਲੇ ਵਿਚ ਲਿਖੇ ਹੋਏ ਹਨ, ਜ਼ਰੂਰੀ ਨਹੀਂ ਉਹ ਸਾਰੇ ਅੱਤਵਾਦੀ ਦਲ-ਖਾਲਸੀਏ ਨੇ ਹੀ ਲਿਖੇ ਹੋਣ। ਛੇ ਮਹੀਨੇ ਪਹਿਲਾਂ ਦੋ ਬੜੇ ਜ਼ੁੰਮੇਦਾਰ ਸੱਜਣਾਂ ਨੇ, "ਤਿੰਨ ਹਿੰਦੂ ਲੜਕਿਆਂ" ਨੂੰ ਸਰਹਿੰਦ ਰੋਡ ਉਪਰ ਤੜਕਸਾਰ, ਖਾਲਿਸਤਾਨੀ ਨਾਹਰੇ ਲਿਖਦਿਆਂ ਵੇਖਿਆ ਸੀ। ਸ਼ਾਇਦ ਇਨ੍ਹਾਂ ਵਿਚੋਂ ਬਹੁਤੇ ਕਾਂਗਰਸੀਆਂ/ਸੰਘੀਆਂ ਵਲੋਂ ਹੀ ਖਾਲਿਸਤਾਨੀਆਂ ਦੇ ਨਾਉਂ ਹੇਠ ਲਿਖਾਏ ਜਾਂਦੇ ਹਨ।

(ਸ) ਬੇਸ਼ੱਕ ਖੋਖੇ ਚੁਕਵਾਉਣੇ ਹੀ, ਦਲਖਾਲਸੀਆਂ ਦੀ ਇਕੋ-ਇਕ ਮੰਗ ਨਹੀਂ ਹੈ (ਉਨ੍ਹਾਂ ਦੀ ਇਕ ਮੰਗ ਤਾਂ ਮਜ਼੍ਹਬੀ ਦੰਗੇ ਕਰਵਾਉਣੇ ਹੀ ਹੈ) ਅਗਰ ਪਿਛੇ ਵਸਾਖੀ ਤੇ ਦੰਗੇ-ਫਸਾਦ ਕਰਵਾਉਣ ਲਈ ਬੀੜੀ-ਪਾਨ ਦੇ ਖੋਖੇ ਚੁਕਵਾਉਣ ਦਾ ਉਨ੍ਹਾਂ ਸਹਾਰਾ ਜ਼ਰੂਰ ਲਿਆ ਸੀ ਅਗਰ ਸਰਕਾਰ ਟਾਈਮ ਸਿਰ ਅਜਿਹੀ ਨਿਗੂਣੀ ਮੰਗ ਦਾ ਕੋਈ ਸਮਾਧਾਨ ਕਰ ਦਿੰਦੀ ਤਾਂ ਫ਼ਿਰਕਾਪ੍ਰਸਤੀ ਦੇ ਲਾਂਬੂ ਹਮੇਸ਼ਾਂ ਲਈ ਤਾਂ ਭਾਵੇਂ ਨਹੀਂ ਸਨ ਰੋਕੇ ਜਾ ਸਕਦੇ ਮਗਰ ਕੁਝ ਸਮੇਂ ਲਈ ਟਾਲੇ ਜ਼ਰੂਰ ਜਾ ਸਕਦੇ ਸਨ। ਅਤੇ ਜਿਨਾ ਚਿਰ ਖੱਬੇ ਪੱਖੀ ਤਾਕਤਾਂ ਅਜਿਹੇ ਦੰਗਿਆਂ ਦੇ ਵਿਰੁਧ ਡੱਟਣ ਲਈ ਚਟਾਨ ਵਾਂਗੂੰ ਮਜ਼ਬੂਤ ਨਹੀਂ ਹਨ ਹੋ ਜਾਂਦੀਆਂ, ਉਨ੍ਹਾਂ ਚਿਰ ਅਜਿਹੇ ਦੰਗਿਆਂ ਨੂੰ ਪਿਛਾਂਹ ਪਾਉਣ ਵਿਚ ਬੇਹਤਰੀ ਹੋਵੇਗੀ...?

ਮੈਂ ਆਪਣੀ ਸੋਧੀ ਹੋਈ ਰਾਏ ਦੁਬਾਰਾ ਲਿਖ ਦੇਵਾਂ :

ਪ੍ਰਧਾਨ ਮੰਤਰੀ (ਜੋ ਹਿੰਦੁਸਤਾਨੀ ਮਜ਼ਾਰੇਦਾਰੀ ਅਤੇ ਸਾਮਰਾਜੀਆਂ ਦੀ ਹੀ ਪ੍ਰਤੀਕ ਹੈ) 90% ਦੋਸ਼ੀ ਹੈ। ਉਸਤੋਂ ਮਗਰੋਂ। ਮੋਟੇ ਤੌਰ ਤੇ ਹੇਠ ਲਿਖੇ ਦੋਸ਼ੀ ਆਉਂਦੇ ਹਨ :—

ਪ੍ਰਧਾਨ ਮੰਤਰੀ 90%
ਹੋਮਨਿਸਟਰ . 5%
ਦਲ ਖਾਲਸੀਏ ਅਤੇ ਅਕਾਲੀ 2%
ਸੀ. ਆਈ. ਏ. ਅਤੇ ਆਰ. ਐਸ. ਐਸ. 2%
ਪੰਜਾਬ ਸਰਕਾਰ 1%

ਕੁੱਲ 100%

(ਹ) ਸਾਥੀ ਢੀਂਡਸਾ ਜੀ, 'ਇਹ ਗੱਲ ਮੇਰੀ ਬਿਲਕੁਲ ਸਮਝ ਵਿਚ ਨਹੀਂ ਹੈ ਆਈ..."ਲੇਖਕ ਨੇ ਸਿੱਧ ਕੀਤਾ ਹੈ ਕਿ ਅਮਰੀਕਾ ਦਾ ਖਾਲਸਤਾਨੀ ਲਹਿਰ ਵਿਚ ਕਾਫੀ ਰੋਲ ਹੈ ਜੋ ਟੰਡੀਲਾਟ ਵਰਗਿਆਂ ਨੂੰ ਸ਼ਰਨ ਦਿੰਦਾ ਹੈ। ਪਰ ਰਸ਼ੀਆ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ ਜਾਂ ਕਿ ਲੇਖਕ ਰੂਸ ਨਾਲ ਸਹਿਮਤ ਹੈ ਜੇ ਅਮਰੀਕਾ ਸ਼ਰਨ ਨਾ ਵੀ ਦੇਵੇ ਤਾਂ ਕਈ ਹੋਰ ਮੁਲਕ ਹੈਜੋ ਜਿਹੜੇ ਸ਼ਰਨ ਦੇ ਸਕਦੇ ਹਨ ਤੇ ਕਈ ਬੁੱਧੀਜੀਵੀ ਉਥੇ ਸ਼ਰਨ ਲਈ ਬੈਠੇ ਹਨ...

(ਸਾਥੀ ਜੀ ਖਾਲਿਸਤਾਨ ਦੇ ਮਾਮਲੇ ਵਿਚ, ਰੂਸ ਨੂੰ ਮੱਕੇ ਨਾਲ ਕਿਉਂ ਜੋੜੀ ਜਾ ਰਹੇ ਹੋ...???)

ਆਲੋਚਕ—ਵੀਰ ਨਵਕਿਰਨਜੀਤ ਬਾਘਾ ਪੁਰਾਣਾ

1. ਸਾਥੀ ਜੀ, ਇੰਦਰਾ ਗਾਂਧੀ ਤੋਂ ਮੇਰਾ ਮਤਲਬ ਜਵਾਹਰ ਲਾਲ ਦੀ ਪੱਤਰੀ ਹੀਰਾ ਲਾਲ ਦੀ ਪੜਪੋਤਰੀ ਨਹੀਂ—ਮੇਰਾ ਮਤਲਬ ਵੀ ਉਹੀ ਹੈ ਜੋ ਤੁਹਾਡਾ ਹੈ— ਇੰਦਰਾ ਗਾਂਧੀ ਜੀ ਸਰਮਾਏਦਾਰੀ ਦਾ ਹੀ ਪ੍ਰਤੀਕ

(2) ਜਦੋਂ ਪੰਜਾਬ ਵਿਚ ਦੰਗੇ-ਫਸਾਦ ਹੋ ਰਹੇ ਸਨ, ਪੰਜਾਬ ਦੀ ਅਫਸਰਸ਼ਾਹੀ ਸਮੇਤ ਗਵਰਨਰ ਰੰਗ-ਰਾਗ ਵਿਚ ਮਸਤ ਹੋਏ ਪਏ ਸਨ। ਗਵਰਨਰ ਸਾਹਿਬ ਪਟਿਆਲੇ ਦੇ ਯਾਦਵਿੰਦਰਾ ਪਬਲਿਕ ਸਕੂਲ ਵਿਚ ਫੈਂਸੀ ਡਾਨਸ ਵੇਖ ਰਹੇ ਸਨ ਤੇ ਮੁੱਖ ਸਕੱਤਰ ਮਿਸਟਰ ਪੁਰੀ, ਜਲੰਧਰ ਵਿਖੇ ਘੋੜਿਆਂ ਦੇ ਅੰਗ ਟੋਹ ਟੋਹ ਅੰਦਾਜ਼ਾ ਲਾ ਰਹੇ ਸਨ ਕਿ ਕਿਹੜਾ ਤੇਜ਼ ਦੌੜੇਗਾ...ਮੇਰੇ ਅਫਸਰਸ਼ਾਹੀ ਦੇ ਵਤੀਰੇ ਬਾਬਤ ਵਰਤੇ ਸ਼ਬਦ ਤਾਂ ਤੁਹਾਨੂੰ ਅਸੱਭਯ ਲਗੇ ਹਨ ਪਰ ਉਚ ਅਫਸਰਸ਼ਾਹੀ ਕਿਧਰ ਦੀ ਸੱਭਯ ਹੈ ਜੋ ਜਾਨਵਰਾਂ ਦੇ ਅੰਗ ਹੀ ਨਹੀਂ ਹੈ ਵੇਖਦੀ ਰਹਿੰਦੀ ਸਗੋਂ ਸ਼ਹਿਨਸ਼ਾਹੀ ਕਲੱਬਾਂ ਵਿਚ ਤਾਂ ਮਿਸ ਇੰਡੀਆ, ਮਿਸ ਸ਼ਿਮਲਾ ਆਦਿ ਮੁਕਾਬਲਿਆਂ ਦੇ ਨਾਂਉਂ ਹੇਠ ਤਾਂ ਔਰਤਾਂ ਦੀਆਂ ਛਾਤੀਆਂ ਦੀ ਵੀ ਪੈਮਾਇਸ਼ ਕਰਨ ਵਿਚ ਰੁਝੀ ਰਹਿੰਦੀ ਹੈ।

(3) 'ਕੀ ਲੇਖਕ ਨੂੰ, ਇੰਦਰਾ ਦੀ ਜਗ੍ਹਾ, ਭਾਰਤੀ ਹਾਕਮ ਜਮਾਤਾਂ ਨਹੀਂ ਦੀਹਦੀਆਂ ਜਿਨ੍ਹਾਂ ਦੀ ਸ਼ਹਿ ਤੇ ਕਾਲੀਆਂ ਘਟਨਾਵਾਂ ਘਟ ਰਹੀਆਂ ਹਨ"...

ਸਾਥੀ ਜੀ ਮੈ ਲੇਖ ਵਿਚ ਕਈ ਜਗ੍ਹਾ ਜ਼ਿਕਰ ਕੀਤਾ ਹੈ ਕਿ ਸਾਮਰਾਜੀਏ ਅਤੇ ਦੇਸੀ ਅਜਾਰੇਦਾਰੀ ਅਜਿਹੀਆਂ ਫੁੱਟਪਾਊ ਚਾਲਾਂ ਦੀ ਹਮੇਸ਼ਾ ਹੀ ਪਿੱਠ ਠੋਕਦੀ ਆਈ ਹੈ...ਆਪ ਦੋਬਾਰਾ ਪੜ੍ਹ ਸਕਦੇ ਹੋ :

ਮੌਤ ਦੇ ਵਪਾਰੀ, ਅਮ੍ਰੀਕਾ ਦੀ ਸਾਰੀ ਅਰਥ-ਵਿਵਸਥਾ ਦੋ ਸਾਲਾਂ ਵਿਚ ਹੀ ਤਬਾਹ ਹੋ ਜਾਵੇ ਅਗਰ ਉਸਦੇ ਹਥਿਆਰ ਨਾ ਵਿਕਣ. ਐਨੀ ਭਾਰੀ ਮਾਤਰਾ ਵਿਚ ਹਥਿਆਰ ਵੇਚਣ ਦਾ ਮਤਬਲ ਹੈ ਕਿ ਲੜਾਈਆਂ ਲਗੀਆਂ ਰਹਿਣ...ੇ ਦੋ ਗੁਆਂਢੀ ਆਪਸ ਵਿਚ ਨਾ ਵੀ ਲੜਨ ਤਾਂ ਲੜਾ ਦਿਤਾ ਜਏ !! ਤੋੜ ਫੋੜ ਦੀਆਂ ਕਾਰਵਾਈਆਂ ਅਕਸਰ ਕਰਵਾਈਆਂ ਜਾਂਦੀਆਂ ਹਨ। ਪਛੜੇ ਦੇਸ਼ਾਂ ਵਿਚ ਮਜ਼ਬੀ ਦੰਗੇ ਕਰਵਾਉਣ ਵਿਚ ਵੀ ਇਹ ਕਾਫੀ ਐਕਸਪਰਟ ਹੈ...(ਸਫਾ 47)

ਜਦੋਂ ਕਾਮੇ ਹਿੰਦੂ ਅਤੇ ਸਿੱਖਾਂ ਵਿਚ ਵੰਡੇ ਜਾਣਗੇ ਤਾਂ ਫੁੱਟ ਦਾ ਲਾਭ ਕਿਸਨੂੰ ਪੁੱਜੇਗਾ ...? ਇਸ ਲਈ ਸਰਮਾਏਦਾਰੀ ਵੀ ਆਪਣੀਆਂ ਸਿਆਸੀ ਜਥੇਬੰਦੀਆਂ/ਕਾਰਕੁਨਾ ਜਿਵੇਂ ਕਾਂਗਰਸੀ/ਜਨਸੰਘੀ ਵਗੈਰਾ) ਜ਼ਰੀਏ ਖੂਨ ਖਰਾਬਾ ਕਰਵਾਉਣ ਤੇ ਹੀ ਤੁਲੇ ਰਹਿੰਦੇ ਹਨ... (ਸਫਾ 50)...

ਅਜ ਜਦੋਂ ਦੇਸੀ ਅਤੇ ਬਦੇਸ਼ੀ ਸਰਮਾਏਦਾਰੀ, ਆਪਣੀ ਲੁੱਟ ਨੂੰ ਜਾਰੀ ਰੱਖਣ ਸਦਕਾ ਦੇਸ਼ ਭਰ ਵਿਚ ਭਾਸ਼ਾ, ਮਜ਼ਬ, ਜ਼ਾਤ, ਰੰਗ, ਨਸਲ, ਇਲਾਕਾ, ਬੋਲੀ, ਸਭਿਆਚਾਰ ਆਦਿ ਦੇ ਬਹਾਨਿਆਂ ਉਪਰ ਹਿੰਦੁਸਤਾਨੀਆਂ ਨੂੰ ਆਪਸ ਵਿਚ ਟਕਰਾਉਣਾ ਚਾਹੁੰਦੀ ਹੈ—ਸਾਡਾ ਮੁੱਖ ਫਰਜ਼ ਇਹੋ ਹੀ ਬਣਦਾ ਹੈ ਕਿ ਤਨ ਮਨ ਧਨ ਨਾਲ ਅਜਿਹੀਆਂ ਫੁੱਟ ਪਾਊ ਚਾਲਾਂ ਦਾ ਡਟਵਾਂ ਵਿਰੋਧ ਕਰੀਏ...ਵੇਖੋ ਸਫਾ 52

## ਆਲੋਚਕ ਹਰਦੀਪ ਸਿੰਘ ਕੋਟਕਪੂਰਾ

ਸਾਥੀ ਜੀ; 1, 2 ਅਤੇ 3 ਅਤੇ ਛੇਵੇਂ ਨੁਕਤਿਆਂ ਦਾ ਜਵਾਬ ਕਿਸੇ ਹਦ ਤੀਕ ਉਪਰਲੀਆਂ ਸਤਰਾਂ ਵਿਚ ਆ ਹੀ ਗਿਆ ਹੈ !

(4) ਅਸਾਮ ਦੀ ਸਮੱਸਿਆਵਾਂ ਬਾਬਤ ਮੈਂ ਤੁਹਾਡੇ ਵਿਚਾਰਾਂ ਨਾਲ ਬਿਲਕੁਲ ਸਹਿਮਤ ਨਹੀਂ। ਵਿਆਖਿਆ ਸਹਿਤ ਵਿਚਾਰ ਜਾਨਣ ਲਈ ਅਪ੍ਰੈਲ 1981 ਦੀ ਸਮਤਾ ਪੜ੍ਹੋ ! ਸੰਖੇਪ ਇਸ ਤਰ੍ਹਾਂ ਹੈ :

ਭਾਵੇਂ ਅਸਾਮ, ਪੰਜਾਬ ਜਿਨਾ ਹੀ ਉਤਪਾਦਨ ਕਰ ਰਿਹਾ ਹੈ ਮਗਰ ਕੇਂਦਰ, ਦੇਸੀ ਅਤੇ ਬਦੇਸ਼ੀ ਅਜ਼ਾਰੇਦਾਰੀ ਦੀ ਲੁੱਟ ਸਦਕਾ ਅਤੀ ਪਛੜਿਆ ਹੋਇਆ ਸੂਬਾ ਹੈ। ਹੜ੍ਹ ਭਿਆਨਕ ਤਬਾਹੀ ਲਿਆਉਂਦੇ ਹਨ। ਰੇਲਾਂ, ਕਾਰਖਾਨਿਆਂ, ਬਿਜਲੀ ਦਾ ਵਿਕਾਸ ਨਹੀਂ ਹੋ ਰਿਹਾ। ਭਾਰੀ ਗਿਣਤੀ ਵਿਚ ਤੇਲ, ਪਲਾਈਵੁਡ, ਰੇਸ਼ਮ, ਚਾਹ ਆਦਿ ਬਿਰਲੇ-ਟਾਟੇ ਲੁੱਟੀ ਜਾ ਰਹੇ ਹਨ। ਹਰ ਸਤਵਾਂ ਅਸਾਮੀ ਬੇਰੁਜ਼ਗਾਰੀ ਦਾ ਸ਼ਿਕਾਰ ਹੋਇਆ ਪਿਆ ਹੈ। ਮਹਿੰਗਾਈ ਅਤੇ ਭੁੱਖਮਰੀ ਦਾ ਬੋਲਬਾਲਾ ਹੈ। ਲੋੜ ਸੀ ਤਮਾਮ ਅਸਾਮੀ (ਅਸਾਮੀ, ਬੰਗਾਲੀ, ਮਰਾਠੀ, ਪੰਜਾਬੀ ਰਲ ਕੇ ਜੋ ਵੀ ਅਸਾਮ ਵਿਚ ਰਹਿੰਦੇ ਹਨ), ਸਰਮਾਏਦਾਰੀ ਨਿਯਾਮ ਦੇ ਵਿਰੁਧ ਉਠਦੇ ਮਗਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੰਦੋਲਨ ਦੀ ਲੀਡਰਸ਼ਿਪ ਜੰਨਸੰਘੀ ਅਤੇ ਕਾਂਗਰਸੀ ਤਤਾਂ ਦੇ ਹੱਥ ਹੋਣ ਦਾ ਸਦਕਾ, ਜਦੋਜਹਿਦ ਦਾ ਰੁੱਖ ਸਰਮਾਏਦਾਰੀ ਦੇ ਵਿਰੁਧ ਕਰਨ ਦੀ ਥਾਂ, ਸਮਰਥਣ ਗੈਰ ਅਸਾਮੀਆਂ—ਬੰਗਾਲੀਆਂ/ਬਿਹਾਰੀਆਂ (ਜਿਨ੍ਹਾਂ ਵਿਚੋਂ ਬਹੁਤੇ ਖੱਬੇ ਪੱਖੀ ਹਨ) ਦੇ ਵਿਰੁਧ ਹੀ ਕਰ ਦਿਤਾ ਗਿਆ ਹੈ—

(5) ਸੰਤ ਭਿੰਡਰਾਂ ਵਾਲੇ ਬਾਬਤ ਕ੍ਰਿਪਾ ਕਰਕੇ ਸਾਰੀਆਂ ਸਤਰਾਂ ਪੜ੍ਹੋ !

## ਜਨਰਲ ਅਪੀਲ

ਖਾਲਿਸਤਾਨ ਦਾ ਮਸਲਾ ਬਹੁਤ ਹੀ ਗੰਭੀਰ ਮਸਲਾ ਹੈ। ਇਕ ਅਧੇ ਲੇਖ ਨਾਲ ਹੀ ਇਸ ਦੇ ਸਾਰੇ ਪਹਿਲੂਆਂ ਉਪਰ ਡੂੰਘਾਈ ਨਾਲ ਵਿਚਾਰ ਵਟਾਂਦਰਾ ਸੰਭਵ ਨਹੀਂ। ਮੈਂ ਤਾਂ ਕੇਵਲ ਬਹਿਸ ਦੀ ਸ਼ੁਰੂਆਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਭ ਸੂਝਵਾਨ ਸੱਜਣਾਂ ਅੱਗੇ ਬੇਨਤੀ ਹੈ ਕਿ ਉਹ ਇਸ ਮਸਲੇ ਉਪਰ ਆਪਣੇ ਵਿਚਾਰ ਕਲਮਬੰਦ ਕਰਕੇ ਜਲਦ ਤੋਂ ਜਲਦ ਲੋਕਾਂ ਤੀਕ ਪੁਜਦੇ ਕਰਨ।

ਐਮ. ਸੀ. ਭਾਰਦਵਾਜ

—ਆਦਾਬ ! ਜੁਲਾਈ ਦਾ 'ਸਮਤਾ' ਪੜ੍ਹਿਆ ਇਸ ਵਾਰ ਵੀਰੇਨ ਡੰਗਵਾਲ ਦੀ ਹਿੰਦੀ ਕਵਿਤਾ 'ਰਾਮ ਸਿੰਘ' ਉਪਾਸਕ ਦੀ ਨਜ਼ਮ 'ਦਰਾੜ' ਅਤੇ ਤੁਹਾਡਾ 'ਇਹ ਹਮਾਰਾ ਜੀਵਣਾ' ਇਸ ਅੰਕ ਦੇ ਬੜੇ ਕਮਾਲ ਦੇ ਫੀਚਰ ਹਨ। ਹਿੰਦੀ ਕਵਿਤਾ ਤਾਂ ਬਸ ਹਲੂਣ ਕੇ ਰਖ ਗਈ ਹੈ।

—ਗੁਰਬਖਸ਼ ਜੱਸ
ਹੁਸ਼ਿਆਰਪੁਰ

—ਆਪ ਜੀ ਦੀ ਸਮਤਾ ਦਾ ਜੂਨ ਅੰਕ ਪੜ੍ਹਿਆਂ, ਬਹੁਤ ਹੀ ਵਧੀਆ ਲੱਗਿਆ, ਤੁਹਾਡੀ ਸੰਪਾਦਕੀ ਅੱਜ ਦੀ ਹਾਲਤ 'ਚ ਰੌਚਿਕ ਭਰਿਆ ਦ੍ਰਿਸ਼ ਪ੍ਰਵੇਸ਼ ਕਰਦੀ ਹੈ। ਤੇ ਏਕਤਾ ਲਈ ਬਹੁਤ ਹੀ ਲਾਭਦਾਇਕ ਸਿਧ ਹੁੰਦੀ ਹੈ। ਬਾਕੀ ਕੁਝ ਕਵਿਤਾਵਾਂ ਜ਼ਿਆਦਾ ਹੀ ਅੰਤਰ ਮੁਖੀ ਢੰਗ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ। ਸੋ ਆਪ ਪਾਠਕਾਂ ਦੇ ਮੇਚ ਦੀਆਂ ਕਵਿਤਾਵਾਂ, ਕਹਾਣੀਆਂ ਆਪ ਦੇ ਰਸਾਲੇ 'ਚ ਲਾਇਆ ਕਰੋ। ਕਿਉਂਕਿ ਕਵਿਤਾਵਾਂ ਡੂਘੇ ਵਿਚਾਰਾ ਨੂੰ ਆਮ ਪਾਠਕ ਸਮਝ ਨਹੀਂ

ਸਕਦੇ । ਇਹੋ ਗਲ ਇਕ ਅੱਧੀ ਕਹਾਣੀ ਦਾ ਹੁੰਦਾ ਹੈ । ਐਤਕੀ ਅੰਕ 'ਚ ਸਿਆਮ ਸੁੰਦਰ ਦੀਪਤੀ ਦਾ ਉਦਾਸੀ ਰੋਗ ਦਾ ਲੇਖ ਉਦਾਸੀ ਰੋਗ ਤੋਂ ਉਤਪੰਨ ਹੋਣ ਵਾਲੀਆਂ ਬਿਮਾਰੀਆਂ ਵਾਰੇ ਸਹੀ ਸਬੂਤ ਦਿੰਦਾ ਹੈ ।

ਐਮ. ਸੀ. ਭਾਰਦਵਾਜ ਦਾ ਆਰਟੀਕਲ ਫਿਰਕੂ ਏਕਤ 'ਚ ਰੋਕ ਪਾਉਣ ਲਈ, ਇਕ ਤਕੜਾ ਸਾਧਨ ਹੈ । ਸੋ ਅਜਿਹੇ ਆਰਟੀਕਲ ਤੇ ਲੇਖ ਪਾਠਕਾਂ ਨੂੰ ਬਹੁਤ ਪਸੰਦ ਆਉਂਦੇ ਹਨ । ਸੋ ਸਮਤਾ ਅਜਿਹੀਆਂ ਕੋਸ਼ਿਸ਼ਾਂ ਹੀ ਸਾਨੂੰ ਅੱਗੇ ਵੱਧਣ ਲਈ ਬਲ ਬਖਸ਼ਦੀਆਂ ਹਨ ।

—ਲਕਛਮੀ ਨਰਾਇਣ ਬਰਨਾਲਾ

o

## ਰੋਟੀ ਕਾ ਗੀਤ

—ਕਾਕਾ ਹਾਥਰਸੀ—

ਨਵੇਂ ਸਾਲ ਦੇ ਮੌਕੇ ਤੇ ਉਤਰ ਪ੍ਰਦੇਸ਼ ਦੇ ਇਕ ਸ਼ਹਿਰ ਬਦਾਇਨ ਵਿਚ ਇਕ ਸਰਵ ਭਾਰਤੀ ਕਵੀ ਸਮੇਲਨ ਦਾ ਆਯੋਜਨ ਕੀਤਾ ਗਿਆ । ਜਦੋਂ ਹਾਸ ਅਤੇ ਵਿਅੰਗ ਦੇ ਜ਼ਰਚਿਤ ਕਵੀ ਕਾਕਾ ਹਾਥਰਸੀ ਨੇ ਆਪਣੀ ਕਵਿਤਾ ਦੀ ਪਹਿਲੀ ਸਤਰ 'ਛੋਟੀ ਦੇ ਯਾ ਮੋਟੀ ਦੇ, ਇੰਦਰਾ ਮਈਆ ਰੋਟੀ ਦੇ' ਪੜ੍ਹੀ ਤਾਂ ਮੁਖ ਮਹਿਮਾਨ ਸ੍ਰੀ ਕ੍ਰਿਸਨ ਗੋਇਲ ਜਿਹੜੇ ਕਿ ਉਤਰ ਪ੍ਰਦੇਸ਼ ਦੇ ਸਨਮਾਨਯੋਗ ਮੰਤਰੀ ਸਨ—ਉਤੇਜਨਾ ਵਿਚ ਆ ਗਏ ਅਤੇ ਇਹ ਕਹਿੰਦੇ ਹੋਏ ਮੰਚ ਤੋਂ ਥੱਲੇ ਆ ਗਏ ਅਤੇ ਕਹਿਣ ਲਗੇ ਕਿ ਇਸ ਗਲ ਦਾ ਜਵਾਬ ਚੰਗੀ ਤਰ੍ਹਾਂ ਮੈਂ ਦਿਆਂਗਾ । ਕੁਝ ਦੇਰ ਪਿਛੋਂ ਮੰਤਰੀ ਸਾਹਿਬ ਆਪਣੇ ਕੁਝ ਸਮਰਥਕ ਗੁੰਡਿਆਂ ਨਾਲ ਮੰਚ ਉਤੇ ਚੜ੍ਹ ਗਏ ਅਤੇ ਜ਼ੋਰਦਾਰ ਹੰਗਾਮਾ ਹੋਇਆ, ਧੱਕਾ ਮੁੱਕੀ ਵੀ ਹੋਈ—ਇਸ ਹਮਲੇ ਨਾਲ ਕਾਕਾ ਹਾਥਰਸੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ—ਕਵਿਤਾ ਮੂਲ ਰੂਪ ਵਿਚ ਪੇਸ਼ ਹੈ :

ਤਨ ਕੀ ਭੂਖ ਨਹੀ ਮਿਟਤੀ, ਮਨ ਕੀ ਭੂਖ ਨਹੀਂ ਮਿਟਤੀ
ਧਨ ਕੀ ਭੂਖ ਨਹੀਂ ਮਿਟਤੀ, ਜੀਵਨ ਕੀ ਭੂਖ ਨਹੀਂ ਮਿਟਤੀ
ਬਿਜ਼ਨੇਂਸ ਖਾ ਗਏ ਵਪਾਰੀ, ਗੱਦੀ ਕੋ ਖਾ ਗਈ ਗੱਦਾਰੀ
ਲੋਹਾ ਸੀਮੇਂਟ ਡਾਮਰ ਹੋ, ਚੂਨਾ ਹੋ ਪੱਥਰ ਹੋ
ਹਲਕਾ ਕਿ ਭਾਰੀ ਸੇ ਭਾਰੀ, ਖਾ ਗਈ ਸਬ ਠੇਕੇਦਾਰੀ
ਬਤਲਾਓ ਹਮ ਖਾਏਂ ਕਿਆ ? ਹਮ ਭੂਖੇ ਮਰ ਜਾਏਂ ਕਿਆ ?
ਪੇਟੋਂ ਕੋ ਸਮਝਾਏਂ ਕਿਆ ਜੀਵਨ ਭਰ ਗਮ ਖਾਏਂ ਕਿਆ ?
ਭੂਖੇ ਭਜਨ ਨਹੀਂ ਹੋਤਾ, ਕੁਛ ਵੀ ਜਤਨ ਨਹੀਂ ਹੋਤਾ
(ਲੇਕਿਨ ਇਤਨਾ ਨਿਸ਼ਚਿਤ ਹੈ ਭੂਖੇ ਕਾ ਪਤਨ ਨਹੀਂ ਹੋਤਾ)
ਹਮ ਸਭ ਤੇਰੇ ਬੱਚੇ ਹੈਂ, ਮਨ ਕੇ ਸੀਧੇ ਸੱਚੇ ਹੈਂ
ਅਪਨਾ ਪੇਟ ਜ਼ਰਾ ਸਾ ਹੈ ਬਹ ਭੀ ਭਰਾ ਭਰਾ ਸਾ ਹੈ
ਇਸੇ ਸਿਰਫ ਸਹਾਰੇ ਕੋ, ਬੇਚਾਰੋਂ ਕੇ ਚਾਰੇ ਕੋ
ਬਹੁਤ ਬੜੀ ਕੀ ਨਹੀਂ ਜ਼ਰੂਰਤ, ਛੋਟੀ ਸੇ ਭੀ ਛੋਟੀ ਦੇ
ਇੰਦਰਾ ਮਈਆ ਰੋਟੀ ਦੇ ।

ਤੂੰ ਜਨਨੀ ਹੈ ਮਾਤਾ ਹੈ ! ਭਾਰਤ ਭਾਗਯ ਵਿਧਾਤਾ ਹੈ
ਹਮ ਸਬ ਤੇਰੇ ਬੇਟੇ ਹੈਂ ਕਿਸਮਤ ਸੇ ਕੁਛ ਹੇਟੇ ਹੈਂ
ਨਿਰਧਨ ਹੈਂ ਲਾਚਾਰੀ ਹੈਂ, ਕਾਮ ਬਿਨਾ ਬੇਕਾਰੀ ਹੈਂ ।
ਡਿਗਰੀ ਕਾਮ ਨਹੀਂ ਆਈ, ਬਹ ਭੀ ਪੇਟ ਨਾ ਭਰ ਪਾਈ
ਆਰਕਸ਼ਣ ਕੀ ਮਾਰ ਹੂਈ, ਸਬ ਸ਼ਿਕਸ਼ਾ ਬੇਕਾਰ ਹੂਈ
ਅਪਨਾ ਪੇਟ ਨਾ ਭਰਤੇ ਹੈ, ਬਚੇ ਭੂਖੇ ਮਰਤੇ ਹੈਂ

## ਸੰਖੇਪ ਟਿਪਣੀਆਂ

—ਪਾਕਿਸਤਾਨ ਵਿਚ ਔਰਤ ਦਾ ਦਰਜਾ ਕਾਨੂੰਨੀ ਤੌਰ ਤੇ ਮਰਦ ਨਾਲੋਂ ਅੱਧਾ ਕਰ ਦਿਤਾ ਗਿਆ ਹੈ । ਕਿਸੇ ਮਰਦ ਦੇ ਕਤਲ ਹੋਣ ਤੇ ਕਾਤਲ ਨੂੰ ਦੋ ਸਜ਼ਾਵਾਂ ਵਿਚੋਂ ਇਕ ਦਿਤੀ ਜਾ ਸਕਦੀ ਹੈ ਜਾਂ ਤਾਂ ' ਕਾਤਲ ਨੂੰ 4.36 ਕਿਲੋ ਗ੍ਰਾਮ ਸੋਨੇ ਦੀ ਕੀਮਤ ਦੀ ਰਕਮ ਜੁਰਮਾਨਾ ਕੀਤਾ ਜਾਏ । ਜਾਏ । ਔਰਤ ਦੇ ਕਤਲ ਬਦਲੇ ਇਹ ਜੁਰਨਾਨੇ ਦੀ ਰੱਕਮ ਅੱਧੀ ਹੋਵੇਗੀ । ਮਤਲਬ ਦੋ ਔਰਤਾਂ ਦੀ ਕੀਮਤ ਇਕ ਮਰਦ ਦੇ ਬਰਾਬਰ ਹੋਵੇਗੀ ! ਕੁੜੀਆਂ ਦੀ ਸ਼ਾਦੀ ਵੀ ਘੱਟ ਤੋਂ ਘੱਟ ਉਮਰ 18 ਸਾਲਾਂ ਤੋਂ 15 ਸਾਲਾਂ ਦੀ ਗਈ ਹੈ ਤਾਂ ਜੋ 15 ਸਾਲਾਂ ਦੀ ਉਮਰ ਵਿਚ ਹੀ ਵਿਆ-ਹੀਆਂ ਜਾਣ ਤੇ ਘਰ ਦੇ ਕੰਮਾਂ ਵਿਚ ਹੀ ਵਿਆਹੀਆਂ ਜਾਣ ਤੇ ਘਰ ਦੇ ਕੰਮਾਂ ਵਿਚ ਪੈ ਜਾਣ । ਉਹਨਾਂ ਨੂੰ ਨੂੰ ਉੱਚੀ ਵਿਦਿਯਾ ਦੀ ਕੋਈ ਲੋੜ ਨਹੀਂ । ਜ਼ੀਆ-ਉਲ-ਹੱਕ ਹੋਰ ਵੀ ਬਹੁਤ ਸਾਰੇ ਕਾਨੂੰਨ ਬਣਾ ਰਿਹਾ ਹੈ, ਜਿਸਦੇ ਲੰਮੇ ਅਰਸੇ ਦੇ ਇਹ ਨਤੀਜੇ ਹੋਣਗੇ ਕਿ ਔਰਤਾਂ ਪਬਲਿਕ ਲਾਈਫ ਵਿਚੋਂ ਬਿਲਕੁਲ ਬਾਹਰ ਹੋ ਜਾਣ ਅਤੇ ਘਰ ਦੀ ਇਕ ਵਸਤੂ ਹੀ ਹੋ ਕੇ ਰਹਿ ਜਾਣ । ਪਾਕਿਸਤਾਨ ਤੋਂ ਟੈਲੀ-ਵੀਜ਼ਨ ਦੁਆਰਾ ਟੈਲੀਕਾਸਟ ਕੀਤੇ ਨਾਟਕਾਂ ਵਿਚ ਔਰਤਾਂ ਬਾਰੇ ਇਹ ਪਿਛਾਂਹ ਖਿਚੂ ਰੁਝਾਣ ਬੜਾ ਸਪੱਸ਼ਟ ਨਜ਼ਰ ਆਉਣ ਲਗ ਪਿਆ ਹੈ । ਸਾਡੇ ਦਰਮਿਆਨੇ ਤੱਬਕੇ ਦੇ ਬੁੱਧੀ ਜੀਵੀ ਤੇ

ਛੋਟੇ ਬੜੇ ਮੇਂ ਫਰਕ ਨਾ ਕਰ, ਬੇਟੋਂ ਮੇਂ ਤਰਕ ਵਿਤਰਕ ਨਾ ਕਰ
ਮੇਲ ਨਹੀਂ ਮਿਲਤਾ ਤੋਂ ਕਿਆ ? ਤੇਲ ਨਹੀਂ ਮਿਲਤਾ ਤੋ ਕਿਆ ?
ਦਿਲ ਕੇ ਦਿਏ ਜਲਾ ਲੇਂਗੇ, ਅਪਨਾ ਕਾਮ ਚਲਾ ਲੇਂਗੇ ।
ਸਾਰੇ ਸੰਕਟ ਸਹਿ ਲੇਂਗੇ, ਖੁਲੀ ਸੜਕ ਪਰ ਰਹਿ ਲੇਂਗੇ ।
ਭੂਖ ਮਗਰ ਮਜ਼ਬੂਰੀ ਹੈ, ਰੋਟੀ ਬਹੁਤ ਜ਼ਰੂਰੀ ਹੈ ।
ਰੂਖੀ ਦੇ ਚਾਹੇ ਸੂਖੀ ਦੇ, ਪਤਲੀ ਦੇ ਚਾਹੇ ਮੋਟੀ ਦੇ
ਇੰਦਰਾ ਮਈਆਂ ਰੋਟੀ ਦੇ

ਰੋਟੀ ਬਹੁਤ ਜ਼ਰੂਰੀ ਹੈ, ਪੇਟੋਂ ਕੀ ਮਜਬੂਰੀ ਹੈ
ਰੋਟੀ ਅਗਰ ਨਾ ਪਾਏਂਗੇ, ਅਪਰਾਧੀ ਬਨ ਜਾਏਂਗੇ
ਤੇਰੀ ਪੁਲਸ ਪਕੜ ਲੇਗੀ, ਹਮਕੋ ਅੰਧਾ ਕਰ ਦੇਗੀ
ਏਕ ਦਿਨ ਐਸਾ ਆਏਗਾ, ਹਰ ਅੰਧਾ ਚਿਲਾਏਗਾ
ਪੰਦਰਾਂ ਹਜਾਰ ਦੇਂਗੀ ਤੂੰ ਪਸ਼ਚਾਤਾਪ ਕਰੇਂਗੀ ਤੂੰ
ਇਸਸੇ ਤੋ ਅਛਾ ਹੈ ਰੋਟੀ ਦੇ, ਪਤਲੀ ਦੇ ਚਾਹੇ ਮੋਟੀ ਦੇ
ਚੋਰ ਘੁਸੇ ਹੈਂ ਥਾਨੇ ਮੇਂ, ਸ਼ਾਹ ਹੈਂ ਪਾਂਗਲਖਾਨੇ ਮੇਂ
ਰਕਸ਼ਕ-ਦੁਸ਼ਟ—ਹਰਾਮੀ ਹੈ, ਅਤਿਆਚਾਰੀ ਹੈਂ ਕਾਮੀ ਹੈ,
ਨਾਰੀਏਂ ਲਾਜ ਲੁਟਾਤੀ ਹੈਂ, 'ਰਪਟ' ਲਿਖਾਨੇ ਜਾਤੀ ਹੈਂ
ਨੰਗੀ ਹੋ, ਭਾਗੀ ਭਾਗੀ, ਚੀਖ ਰਹੀ 'ਮਾਇਆ ਤਿਆਗੀ'
ਰਕਸ਼ਕ—ਭਕਸ਼ਣ ਕਰ ਗਏ ਹੈਂ, ਸਾਰੇ ਬਸਤਰ ਉਤਰ ਗਏ ਹੈਂ
ਨਾਰੀ ਕੀ ਲਾਜ ਬਚਾਨੇ ਕੋ, ਤਨ ਢਕਨੇ ਕੋ ਲੰਗੋਟੀ ਦੇ
ਇੰਦਰਾ ਮਈਆ ਰੋਟੀ ਦੇ......

ਜਬ ਆਜ਼ਾਦੀ ਆਈ ਥੀ, ਲਗਤਾ ਥਾ ਸੁਖਦਾਈ ਥੀ ।
'ਚਾਚਾ' ਘਰ ਕੇ ਸੁਆਮੀ ਥੇ, ਬਾਪੂ ਕੇ ਅਨੁਗਾਮੀ ਥੇ
ਧੰਨ ਸੰਪਤੀ ਤੋ ਥੋੜੀ ਥੀ, ਪਰ ਬੈਲੋਂ ਕੀ ਜੋੜੀ ਥੀ
ਉਸਸੇ ਅੰਗ ਉਗਾਤੇ ਥੇ, ਖਾਤੇ ਔਰ ਕਮਾਤੇ ਥੇ
ਬੈਲੋਂ ਕਾ ਘੁਟ ਗਯਾ ਗਲਾ, ਬੁਢੀਆ ਕਾ ਚਰਖਾ ਨਹੀਂ ਚਲਾ
ਤਬ ਗਈਆ ਬਛੜਾ ਆਏ, ਬਹ ਭੀ ਪੇਟ ਨਾ ਭਰ ਪਾਏ
ਗਈਆ ਨੇ ਕੁਛ ਨਹੀਂ ਦਿਯਾ, ਬਛੜੇ ਨੇ ਸਾਰਾ ਦੂਧ ਪਿਆ
ਗਈਆ ਬਛੜਾ ਆ ਕਰ ਚਲੇ ਗਏ, ਜਨਤਾ ਦੁਆਰਾ ਛਲੇ ਗਏ
ਹਲਧਰ ਖੁਦ ਚੱਕਰ ਮੇਂ ਥਾ, ਝਗੜਾ-ਝੰਝਟ ਘਰ ਮੇਂ ਥਾ
ਹਲ ਲੇਕਰ ਤਬ ਚਲਾ ਕਿਸਾਨ, ਬਹ ਵੀ ਨਿਕਲਾ ਬੇਈਮਾਨ
ਖੇਤੀ ਕਾ ਬੰਟਾਢਾਰ ਹੁਆ, ਜੋ ਆਇਆ ਬੇਕਾਰ ਹੁਆ
ਸਬਕਾ ਸਰ ਗੰਜਾ ਦੇਖਾ, ਫੌਲਾਦੀ ਪੰਜਾ ਦੇਖਾ
ਅਬ ਤੋਂ ਸਿਰਫ ਉਦਾਸੀ ਹੈ, ਜਨਤਾ ਭੂਖੀ ਪਿਆਸੀ ਹੈ
ਦੇ ਸਕਤੀ ਹੈ ਤੋ ਰੋਟੀ ਦੇ, ਯਾ ਬੈਲੋਂ ਕੀ ਜੋਟੀ ਦੇ
ਗਦਰ ਮਚੇ ਉਸਸੇ ਪਹਿਲੇ, ਗੱਦਾਰੋਂ ਕੋ ਪਕੜ ਝੰਝੋਟੀ ਦੇ
ਇੰਦਰਾ ਮਈਆ ਰੋਟੀ ਦੇ......

ਪੇਸ਼ਕਸ਼—ਗੁਰਬਖਸ਼ ਜੱਸ

1. ਲਕੜੀ ਜੋੜਨ ਵਾਲਾ ਗੂੰਦ
ਧੰਨਵਾਦ ਸਹਿਤ 'ਪੰਜਾਬੀ ਕੇਸਰੀ' ਵਿਚੋਂ

ਹੋਰ ਲੋਕ ਪਾਕਿਸਤਾਨ ਦੇ ਟੈਲੀਵੀਜ਼ਨ ਨਾਟਕਾਂ ਦੀ ਤਾਰੀਫ ਕਰਦੇ ਥੱਕਦੇ ਨਹੀਂ, ਉਹਨਾਂ ਨੂੰ ਨਾਟਕਾਂ ਦੀ ਵਿਚਲੀ ਸਮੱਗਰੀ ਜਾਂ ਵਿਚਾਰ ਨੂੰ ਜ਼ਰੂਰ ਵਾਚਨਾ ਚਾਹੀਦਾ ਹੈ । ਬੜੇ ਹੀ ਹਲਕੇ ਜਿਹੇ ਵਿਸ਼ੇ ਨੂੰ ਲੈ ਕੇ ਕਿਸੇ ਟੱਬਰ ਦੇ ਆਲੇ ਦੁਆਲੇ ਇਕ ਕਹਾਣੀ ਗੁੰਦ ਕੇ ਉਸਨੂੰ ਤਕਨੀਕੀ ਹੁਨਰ ਨਾਲ ਲਿਸ਼ਕਾ ਦਿਤਾ ਜਾਂਦਾ ਹੈ, ਪਰ ਉਸਦਾ ਅੰਤਮ ਸੁਨਿਹਾ 'ਔਰਤ ਨੂੰ ਇਕ ਬੇਵਸ' ਜਿਹਾ ਜੀਵ ਜਿਹੜਾ ਜ਼ਿੰਦਗੀ ਦੇ ਹਰ ਪਹਿਲੂ ਵਿਚ ਮਰਦ ਤੇ ਨਿਰਭਰ ਹੈ, ਸਿਵਾ ਹੋਰ ਕੁਝ ਨਹੀਂ ਹੁੰਦਾ। ਇਹ ਸਭ ਵੇਖਕੇ ਹੈਰਾਨੀ ਹੁੰਦੀ ਹੈ ਕਿ ਪਾਕਿ-ਸਤਾਨ ਅੱਦਬ ਦੀਆਂ ਇਨਕਲਾਬੀ ਰਵਾਇਤਾਂ ਕਿਥੇ ਗਈਆਂ ? ਫੈਜ਼ ਤੇ ਅਹਿਮਦ ਨਦੀਮ ਕਾਸ਼ਮੀ ਦੇ ਮੁਲਕ ਵਿਚ ਲੋਕ ਆਵਾਜ਼ ਇਤਨੀ ਚੁੱਪ ਕਿਉਂ ਹੈ ? o

—ਔਰਤਾਂ ਦੇ ਹੱਕਾਂ ਦੀ ਰਾਖੀ ਨੂੰ ਉਦੇਸ਼ ਮੰਨਦਿਆਂ ਦਿਲੀ ਤੋਂ ਅਤੇ ਅੰਗਰੇਜ਼ੀ ਵਿਚ ਇਕ ਮੈਗਜ਼ੀਨ 'ਮਾਨੁਸ਼ੀ' ਨਿਕਲਦਾ ਹੈ । ਉਹਦੇ ਹੁਣੇ ਹੁਣੇ ਬਾਹਰ ਆਏ 11ਵੇਂ ਅੰਕ ਵਿਚ ਇਕ ਬੜਾ ਹੀ ਮਹੱਤਤਾ ਵਾਲਾ ਸਰਵੇਖਣ ਆਇਆ ਹੈ, ਜਿਹੜਾ ਇਕ ਆਰਥਕ ਮਾਹਿਰ ਬੀ. ਹੋਰੋਵਿਜ਼ ਅਤੇ ਉਹਦੀ ਸਹਿਯੋਗੀ ਮਧੂਕਿਵਸ਼ਰ ਨੇ ਪੰਜਾਬ ਦੇ ਇਕ ਪਿੰਡ ਵਿਚ ਦਰ-ਮਿਆਨੇ ਤੇ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਘਰਾਂ ਵਿਚ ਔਰਤ ਦੇ ਦਰਜੇ ਬਾਰੇ ਕੀਤਾ ਹੈ, ਸਵਾਲ ਜਿਹੜੇ ਇਸ ਸਰਵੇਖਣ ਵਿਚ ਉਠਾਏ ਗਏ ਉਨ੍ਹਾਂ ਵਿਚ ਮੁਖ ਸਵਾਲ ਇਸ ਗੱਲ ਦੇ ਦੁਆਲੇ ਸੀ ਕਿ ਘਰ ਦੀ ਆਮ-ਦਨ ਵਿਚ ਸਾਰੇ ਜੀਵਾਂ ਦਾ ਕੀ ਹਿੱਸਾ ਹੈ, ਇਹ ਆਮਦਨ ਕਿਸ ਤਰ੍ਹਾਂ ਖਰਚ ਕੀਤੀ ਜਾਂਦੀ ਹੈ ਅਤੇ ਘਰ ਦੇ ਸੰਬੰਧ ਵਿਚ ਫੈਸਲੇ ਲੈਣ ਵਿਚ ਘਰ ਦੇ ਜੀਵਾਂ ਦੀ ਕੀ ਪੁਜ਼ੀਸ਼ਨ ਹੈ, ਇਸ ਸਰਵੇਖਣ ਬਾਅਦ ਜੋ ਤਸਵੀਰ ਸਾਡੇ ਪਿੰਡ ਦੇ ਘਰਾਂ ਬਾਬਤ ਨਜ਼ਰ ਆਈ

ਹੈ ਉਹ ਉਹਨਾਂ ਲੋਕਾਂ ਲਈ ਕੋਈ ਫ਼ਖ਼ਰ ਵਾਲੀ ਗੱਲ ਨਹੀਂ ਜਿਹੜੇ ਲੋਕ ਬਾਬਾ ਨਾਨਕ ਦੇ ਨਾਮਲੇਵਾ ਹਨ, ਜਿਸ ਨੇ ਔਰਤ ਦੇ ਸਤਿਕਾਰ ਵਾਸਤੇ ਇਤਨੀ ਜ਼ੋਰਦਾਰ ਆਵਾਜ਼ ਉਠਾਈ । (ਇਹ ਹਾਲਤ ਸ਼ਹਿਰ ਦੇ ਘਰਾਂ ਵਾਸਤੇ ਵੀ ਕੋਈ ਚੰਗੀ ਨਹੀਂ ਹੋਵੇਗੀ, ਜੇ ਇਥੋਂ ਦਾ ਵੀ ਸਰਵੇਖਣ ਕੀਤਾ ਜਾਏ)।

ਪ੍ਰਮਾਣਿਤ ਵਿਗਿਆਨਕ ਲੀਹਾਂ ਤੇ ਕੀਤਾ ਗਿਆ ਇਹ ਸਰਵੇਖਣ ਦਸਦਾ ਹੈ ਕਿ ਸਾਡੇ ਘਰਾਂ ਵਿਚ ਔਰਤਾਂ ਦਾ ਦਰਜਾ ਬਿਲਕੁਲ ਦੂਜੇ ਨੰਬਰ ਤੇ ਹੈ :

—ਔਰਤਾਂ ਮਰਦ ਦੇ ਮੁਕਾਬਲੇ ਬਹੁਤ ਘੱਟ ਅਤੇ ਘਟੀਆ ਖ਼ੁਰਾਕ ਖਾਂਦੀਆਂ ਹਨ । ਮੀਟ ਅੰਡਾ ਉਹਨਾਂ ਦੀ ਖ਼ੁਰਾਕ ਵਿਚ ਬਿਲਕੁਲ ਸ਼ਾਮਿਲ ਨਹੀਂ ।

—ਔਰਤਾਂ ਘਰ ਵਿਚ ਸਭ ਤੋਂ ਬਾਅਦ ਖਾਂਦੀਆਂ ਹਨ ਤੇ ਜੇ ਕੋਈ ਥੁੜ ਹੋ ਜਾਏ ਤਾਂ ਉਹਦਾ ਖਮਿਆਜ਼ਾ ਔਰਤ ਨੂੰ ਹੀ ਉਠਾਨਾ ਪੈਂਦਾ ਹੈ ।

—ਕੰਮ ਦੇ ਲਿਹਾਜ਼ ਨਾਲ ਭਾਵੇ ਕਿਸਾਨ ਦੀ ਹਾਲਤ ਵੀ ਚੰਗੀ ਨਹੀਂ ਤੇ ਉਹਨੂੰ ਬੜੀ ਮੇਹਨਤ ਕਰਨੀ ਪੈਂਦੀ ਹੈ, ਪਰ ਔਰਤਾਂ ਨੂੰ ਵੀ 15-16 ਘੰਟੇ ਦਿਹਾੜੀ ਵਿਚ ਕੰਮ ਕਰਨਾ ਪੈਂਦਾ ਹੈ, ਮਰਦ ਲਈ ਖੇਤਾਂ ਵਿਚ ਰੋਟੀ ਲਿਜਾਣਾ, ਮਾਲ ਡੰਗਰ ਸਾਂਭਣਾਂ, ਪੱਠੇ ਪਾਉਣਾ, ਦੁੱਧ ਚੋਣਾ, ਘਰ ਦੀ ਰੋਟੀ ਪਕਾਉਣਾ ਆਦਿਕ ਸਾਰੀਆਂ ਜ਼ਿੰਮੇਵਾਰੀਆਂ ਔਰਤਾਂ ਸਾਂਭਦੀਆਂ ਹਨ ਤੇ ਉਹਨਾਂ ਦੇ ਕੰਮ ਦਾ ਬੋਝ ਕਿਸੇ ਵੀ ਹਾਲਤ ਵਿਚ ਮਰਦ ਨਾਲੋਂ ਘੱਟ ਨਹੀਂ ।

—ਮੁੰਡੇ ਦੇ ਮੁਕਾਬਲੇ ਵਿਚ ਧੀ ਨੂੰ ਜਨਮ ਦੇਣ ਵਾਲੀ ਮਾਂ ਦਾ ਸਤਿਕਾਰ ਇਕਦਮ ਘਰ ਵਿਚ ਘੱਟ ਜਾਂਦਾ ਹੈ, ਇਸ ਲਈ ਹਰ ਔਰਤ ਇਹ ਚਾਹ ਕਰਦੀ ਹੈ ਕਿ ਉਹ ਮੁੰਡੇ ਨੂੰ ਜਨਮ ਦੇਵੇ ਤੇ ਧੀ ਦੇ ਜਨਮ ਤੋਂ ਬਾਅਦ ਇਕ ਅਜੀਬ ਉਦਾਸੀ ਜਾਂ ਘਟੀਆਪਣ ਦਾ ਅਹਿਸਾਸ ਉਹਦੀ ਸਖਸ਼ੀਅਤ ਨੂੰ ਹੌਲੀ ਹੌਲੀ ਸਿਊਂਕਣਾ ਸ਼ੁਰੂ ਕਰ ਦੇਂਦਾ ਹੈ ।

—ਧੀ, ਵਹੁਟੀ, ਮਾਂ ਦੀ ਸ਼ਕਲ ਵਿਚ ਔਰਤ ਦੀ ਸਿਹਤ ਦਾ ਬਹੁਤ ਘੱਟ ਧਿਆਨ ਰਖਿਆ ਜਾਂਦਾ ਹੈ ਤੇ ਉਹਦੀ ਸੇਹਤ ਉਤੇ ਖਰਚ ਕਰਨ ਵੇਲੇ ਸੰਕੋਚ ਕੀਤਾ ਜਾਂਦਾ ਹੈ ।

—ਪਰਵਾਰ ਵਿਚ ਕੋਈ ਵੱਡਾ ਫੈਸਲਾ ਲੈਣ ਲਈ ਔਰਤ ਦੀ ਰਾਏ ਨੂੰ ਕੋਈ ਖਾਸ ਮਹੱਤਤਾ ਨਹੀਂ ਦਿਤੀ ਜਾਂਦੀ । ਇਸ ਲਿਹਾਜ਼ ਨਾਲ ਕਿਸਾਨ ਔਰਤਾਂ ਨਾਲੋਂ ਖੇਤ ਮਜ਼ਦੂਰਾਂ ਦੀ ਔਰਤਾਂ ਦੀ ਹਾਲਤ ਚੰਗੀ ਹੈ ।

ਸਰਵੇਖਣ ਵਿਚ ਇਸ ਗਲ ਵਲ ਵੀ ਇਸ਼ਾਰਾ ਕੀਤਾ ਗਿਆ ਹੈ ਉਹ ਵੀ ਘਰ ਜਿਹੜੇ 'ਕਾਮਰੇਡਾਂ' ਦੇ ਘਰ ਆਖੇ ਜਾ ਸਕਦੇ ਹਨ; ਜਿਨ੍ਹਾਂ ਵਿਚ ਸਮਾਜਕ ਚੇਤਨਤਾ ਦੂਜਿਆਂ ਦੇ ਮੁਕਾਬਲੇ ਵਿਚ ਬਹੁਤੀ ਹੈ, ਉਥੇ ਵੀ ਔਰਤਾਂ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ ।

ਅਸੀਂ ਔਰਤਾਂ ਕੋਲੋਂ ਇਹ ਉਮੀਦ ਰਖਦੇ ਹਾਂ ਕਿ ਉਹ ਮੁਕਤੀ ਦੀ ਲੜਾਈ ਵਿਚ ਸਾਡੇ ਮੋਢੇ ਨਾਲ ਮੋਢਾ ਜੋੜਣ, ਪਰ ਆਪ ਦੇ ਆਲੇ ਦੁਆਲੇ ਆਪਣੇ ਘਰਾਂ ਵਿਚ ਜੇਕਰ ਉਹਨਾਂ ਨੂੰ ਬਰਾਬਰ ਦੇ ਦਰਜੇ ਦੀ ਚੇਤਨਤਾ ਤੇ ਵਿਸ਼ਵਾਸ਼ ਨਹੀਂ ਦੇਂਦੇ ਤਾਂ ਉਹਨਾਂ ਦਾ ਸਹਿਯੋਗ ਅਸੀਂ ਪੂਰੀ ਤਰ੍ਹਾਂ ਨਹੀਂ ਲੈ ਸਕਾਂਗੇ । ਇਸ ਸਰਵੇਖਣ ਵਿਚੋਂ ਕਢੇ ਗਏ ਨਤੀਜੇ ਸਾਰੇ ਸੂਝਵਾਨ ਲੋਕਾ ਦੇ ਨੋਟਿਸ ਦੀ ਮੰਗ ਕਰਦੇ ਹਨ ਤਾਂ ਜੋ ਸੀਮਤ ਹੱਦਾਂ ਵਿਚ ਵੀ ਇਹ ਹਾਲਤ ਸੁਧਾਰਨ ਦੇ ਯਤਨ ਕੀਤੇ ਜਾਣ ।

o

—8 ਜੁਲਾਈ ਦਰਬਾਰ ਸਾਹਿਬ (ਹਰੀਮੰਦਰ ਸਾਹਿਬ) ਅਮ੍ਰਿਤਸਰ ਇਕ ਨਿਹੰਗ ਨੇ ਇਕ 14-15 ਸਾਲਾਂ ਦੇ ਇਕ ਹੋਰ ਨਿਹੰਗ ਨੌਜਵਾਨ ਨੂੰ ਗੋਲੀ ਮਾਰ ਦਿਤੀ, ਜਿਹੜਾ ਦੂਜੇ ਦਿਨ ਹਸਪਤਾਲ ਵਿਚ ਮਰ ਗਿਆ । ਸਾਦੇ ਕਪੜਿਆਂ ਵਿਚ ਪੁਲਸ ਕਾਤਲ ਨੂੰ ਫੜਣ ਗਈ ਪਰ ਉਹ ਨੱਸ ਚੁੱਕਾ ਸੀ, ਹਰੀਮੰਦਰ ਸਾਹਿਬ ਜਿਥੇ 24 ਘੰਟੇ ਗੁਰੂ ਦੀ ਬਾਣੀ ਦਾ ਕੀਰਤਨ ਹੁੰਦਾ ਹੈ । ਲੋਕ ਮੰਨ ਦੀ ਸ਼ਾਂਤੀ ਲਈ ਆਂਦੇ ਹਨ, ਉਥੇ ਬੰਦੂਕਧਾਰੀ ਲੋਕਾਂ ਦਾ ਆਗਮਨ ਇਕ ਨਵਾਂ ਰੁਝਾਣ ਹੈ, ਜਿਹੜਾ ਸੰਤ ਭਿੰਡਰਾ ਵਾਲਿਆਂ ਦੀ ਬੰਦੂਕਧਾਰੀ ਬਾਡੀਗਾਰਡ ਫੋਰਸ ਨਾਲ ਹੋਂਦ ਵਿਚ ਆਇਆ ਹੈ । ਸ਼ਾਂਤੀ ਪੂਰਬ ਇਹ ਗੁਰੂ ਦੇ ਘਰ ਖਾਮਖਾਹ ਨਿਹੰਗਾਂ ਦੀ ਸ਼ਕਲ ਵਿਚ ਕੁਝ ਸਮਾਜ ਦੁਸ਼ਮਣ ਲੋਕਾਂ ਦੇ ਝਗੜਿਆਂ ਦਾ ਅਖਾੜਾ ਬਣ ਰਹੇ ਹਨ ਕਿਉਂਕਿ ਉਹਨਾਂ ਨੂੰ ਇਸ ਗਲ ਦੀ ਗਰੰਟੀ ਹੈ ਕਿ ਪੁਲਸ ਉਥੇ ਨਹੀਂ ਪੁੱਜ ਸਕਦਾ, ਧਰਮ ਤੇ ਸਿਆਸਤ ਦੀ ਸਾਂਝ ਬਾਰੇ ਤਾਂ ਦਲੀਲ ਦਿਤੀ ਜਾ ਸਕਦੀ ਹੈ ਪਰ ਧਰਮ ਅਤੇ ਬੁਰਛਾਗਰਦੀ ਦੀ ਸਾਂਝ ਦਾ ਇਹ ਇਕ ਨਵਾਂ ਹੀ ਅਮਲ ਹੋਂਦ ਵਿਚ ਆ ਗਿਆ ਹੈ । ਜਿਸਦਾ ਸੰਜੀਦਾ ਨੋਟਿਸ ਲਿਆ ਜਾਣਾ ਚਾਹੀਦਾ ਹੈ ।

o

—ਬੰਗਾਲ ਵਿਚ ਖੱਬੇ ਪੱਖੀ ਮੋਰਚੇ ਦੀ ਜਿੱਤ ਬਾਰੇ ਪ੍ਰੈਸ ਵਿਚ ਜਿਨੀਆਂ ਟਿਪਣੀਆਂ ਆਈਆਂ ਹਨ, ਉਹਨਾਂ ਵਿਚ 'ਮਾਰਕਸਿਸਟ ਰੀਵੀਊ' ਮਾਸਕ ਪਤ੍ਰ ਦੀ ਟਿਪਣੀ ਸਾਡਾ ਧਿਆਨ ਖਿਚਦੀ ਹੈ । ਇਹਦੇ ਅਨੁਸਾਰ

Post Office No. P/AR—33
Registred With Registrar News Paper Vide No.MA/12397-D dated 14-8-80

ਬੰਗਾਲ ਦੇ ਸਾਧਾਰਨ ਲੋਕਾਂ ਨੇ ਸਪੱਸ਼ਟ ਤੌਰ ਤੇ ਖੱਬੇ ਪੱਖੀ ਮੋਰਚੇ ਵਲੋਂ ਚਲਾਈ 5-ਸਾਲਾ ਸਰਕਾਰ ਵਿਚ ਅਪਣਾ ਵਿਸ਼ਵਾਸ਼ ਦਸਿਆ ਹੈ। ਪਿੰਡਾਂ ਵਿਚ ਤਾਂ ਇਹ ਜਿਤ ਵਡੀ ਗਿਣਤੀ ਨਾਲ ਹੋਈ ਹੈ। ਕਲਕਤਾ ਸ਼ਹਿਰ ਵਿਚ ਜਿਥੇ ਪਿਛਲੀ ਸਰਕਾਰ ਦੇ ਦੋ ਮੰਤਰੀ ਹਾਰੇ ਵੀ ਹਨ, ਉਥੇ ਵੋਟਾਂ ਦੇ ਅੰਕੜੇ ਦਸਦੇ ਹਨ ਕਿ ਖੱਬੇ ਪੱਖੀ ਫਰੰਟ ਦੀ ਵੋਟ ਵੱਧੀ ਹੈ। ਪਿਛਲੀ ਵਾਰੀ ਇਸ ਸ਼ਹਿਰ ਵਿਚ ਲੜਾਈ ਜੰਤਾ ਪਾਰਟੀ, ਕਾਂਗਰਸ (ਆਈ) ਤੇ ਖੱਬੇ ਪੱਖੀ ਵਿਚ ਤਿਕੋਨੀ ਸੀ ਤੇ ਖੱਬੇ ਫਰੰਟ ਨੂੰ ਉਹਦਾ ਲਾਭ ਹੋਇਆ ਸੀ, ਪਰ ਇਸ ਦਫਾ ਜੰਤਾ ਪਾਰਟੀ ਦਾ ਵਕਾਰ ਸਿਫਰ ਹੋਣ ਦੇ ਬਰਾਬਰ ਸੀ ਤੇ ਇਹਦਾ ਲਾਭ ਕਾਂਗਰਸ (ਆਈ) ਨੂੰ ਹੋਇਆ। ਬੰਗਾਲ ਦੀਆਂ ਚੋਣਾਂ ਵਿਚ ਸੀ. ਪੀ. ਆਈ (ਐਮ.ਐਲ) ਦਾ ਇਕੋ ਇਕ ਨੁਮਾਇਦਾ ਸੰਤੋਸ਼ ਰਾਣਾ ਦੁਬਾਰਾ ਨਹੀਂ ਜਿਤ ਸਕਿਆ, ਇਸੇ ਤਰਾਂ ਇਕ ਹੋਰ ਖੱਬੀ ਪਾਰਟੀ ਸੋਸ਼ਲਿਸਟ ਯੂਨੀਟੀ ਸੈਂਟਰ ਜੋ ਖੱਬੇ ਪੱਖੀ ਮੋਰਚੇ ਵਿਚ ਨਹੀਂ ਸੀ, ਉਹ ਵੀ ਕੋਈ ਜਿਤ ਨਾਂ ਸਕੀ। ਖੱਬੇ ਪੱਖੀ ਮੋਰਚੇ ਦੀ ਇਸ ਜਿਤ ਨੂੰ ਦਸਦੇ ਹੋਏ ਟਿਪਣੀਕਾਰ ਕਹਿੰਦਾ ਹੈ ਕਿ ਇਸ ਜਿਤ ਨਾਲ ਮਾਰਕਸੀ ਪਾਰਟੀ ਨੂੰ ਬੜੇ ਵਡੇ ਚੈਲਿੰਜ ਦਾ ਮੁਕਾਬਲਾ ਕਰਨਾ ਪੈਣਾ ਹੈ। ਸਮੁੱਚੇ ਦੇਸ਼ ਵਿਚ ਜੋ ਆਰਥਕ ਸੰਕਟ ਹੈ, ਉਹਦਾ ਨਾਂ ਕੇਂਦਰੀ ਸਰਕਾਰ ਕੋਲ ਕੋਈ ਹਲ ਹੈ ਅਤੇ ਨਾਂ ਹੀ ਖੱਬੇ ਮੋਰਚੇ ਵਾਲੀ ਸਰਕਾਰ ਇਸਦਾ ਕੋਈ ਹਲ ਕਰ ਸਕਦੀ ਹੈ, ਇਸ ਸਥਿਤੀ ਵਿਚ ਮਾਰਕਸੀ ਪਾਰਟੀ ਦਾ ਵਡਾ ਫਰਜ਼ ਹੈ ਕਿ ਉਹ ਲੋਕਾਂ ਨੂੰ ਇਸ ਨਿਜ਼ਾਮ ਦੇ ਜ਼ੁਲਮ ਬਾਰੇ ਜਿਸਦੀ ਹਿੰਦੋਸਤਾਨ ਦਾ ਵਿਧਾਨ ਰਾਖੀ ਕਰਦਾ ਹੈ ਚੇਤੰਨ ਕੀਤਾ ਜਾਏ। ਟਿਪਣੀਕਾਰ ਅਗੋਂ ਕਹਿੰਦਾ ਹੈ ਕਿ ਇਹ ਇਕ ਦੁੱਖ ਵਾਲੀ ਗਲ ਹੈ ਕਿ ਮਾਰਕਸੀ ਪਾਰਟੀ ਇਸ ਵਡੇ ਕੰਮ ਵਲ ਧਿਆਨ ਨਹੀਂ ਦੇ ਰਹੀ। ਜਮਾਤੀ ਸੰਘਰਸ਼ ਨਾਲੋਂ ਉਹ ਕੇਂਦਰ ਵਿਰੁਧ ਇੰਤਜ਼ਾਮੀਆਂ ਸੰਘਰਸ਼ ਵਿਚ ਬਹੁਤਾ ਯਕੀਨ ਦੇ ਰਹੀ ਹੈ। ਸਮੇਂ ਨਾਲ ਇਹਦਾ ਕੇਡਰ ਵੀ ਜਮਾਤੀ ਸੰਘਰਸ਼ ਤੋ ਅਵੇਸਲਾ ਹੋ ਜਾਏਗਾ ਕਿਉਂਕਿ ਸਰਕਾਰ ਚਲਾਉਣ ਵਾਲੀ ਪਾਰਟੀ ਹੋਣ ਦੀ ਹੈਸੀਅਤ ਵਿਚ ਜਨਤਕ ਸੰਘਰਸ਼ ਨਹੀਂ ਸਗੋਂ ਇੰਤਜ਼ਾਮੀਆਂ ਵਿਚ ਦਖਲ ਅੰਦਾਜ਼ੀ ਦੀ ਰੁੱਚੀ ਪ੍ਰਧਾਨ ਹੋਵੇਗੀ। ਸਾਧਾਰਨ ਲੋਕਾਂ ਵਿਚ ਆਉਣ ਵਾਲੀ ਮਾਯੂਸੀ ਇਕ ਦੁੱਖ ਵਾਲੀ ਗਲ ਹੋਵੇਗੀ। ਟਿਪਣੀਕਾਰ ਦੀ ਮਾਰਕਸੀ ਪਾਂਰਟੀ ਨੂੰ ਇਹ ਚਿਤਾਵਣੀ ਹੈ।

o

## ਪੋਸਟ ਸਕਰਿਪਟ :

ਗਿਆਨੀ ਜ਼ੈਲ ਸਿੰਘ ਜੀ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਬਣਨ ਤੋਂ ਬਾਅਦ ਦੇਸ਼ ਦੀ ਗਰੀਬੀ ਦੂਰ ਕਰਨ ਲਈ ਆਪਣਾ ਪੂਰਾ ਜ਼ੋਰ ਲਗਾ ਦੇਣਗੇ। ਇਕ ਟਿਪਣੀਕਾਰ ਨੇ ਉਥੇ ਹੀ ਸਵਾਲ ਪੁਛਿਆ ਕਿ ਜਦੋਂ ਇਕ ਮੁਖ ਮੰਤਰੀ ਸਨ ਜਾਂ ਹੋਮ ਮਨਿਸਟਰ ਸਨ ਤਾਂ ਇਹ ਸਾਰਾ ਜ਼ੋਰ ਕਿਥੇ ਲਗ ਰਿਹਾ ਸੀ ?

o

## ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨਾਂ ਦੀਆਂ ਕੁਝ ਨਵੀਆਂ ਪੁਸਤਕਾਂ :

1. ਲੁਕ ਵਿਚ ਫੱਸੇ ਪੈਰ (ਕਹਾਣੀਆਂ) ਮੁਖਤਿਆਰ ਸਿੰਘ — ਕੀਮਤ 3-00
2. ਬੰਦਾ ਬਹਾਦੁਰ (ਨਾਟਕ) ਗੁਰਦਿਆਲ ਸਿੰਘ ਫੁੱਲ — ਕੀਮਤ 3-00
3. ਤੋਫਾਨ ਦੀ ਤਲੀ ਤੇ (ਗੀਤ) ਸ਼ਹਿਰਯਾਰ — ,, 2-00

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ - ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼ 23, ਮਹਾਂ ਸਿੰਘ ਗੇਟ ਮਾਰਕੀਟ, ਅੰਮਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾ: ਖ਼ਾਲਸਾ ਕਾਲਜ ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁਪੈ,ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪੈ।